World Punjabi News Network
WORLD PUNJABI ਪੰਜਾਬੀ | ਪੰਜਾਬੀ NEWS
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



# ਸੰਯੁਕਤ ਕਿਸਾਨ ਮੋਰਚਾ 26 ਮਈ ਨੂੰ ਮਨਾਏਗਾ 'ਕਾਲਾ ਦਿਵਸ'

## ਲੋਕਾਂ ਨੂੰ ਆਪਣੇ ਘਰਾਂ, ਵਾਹਨਾਂ ਤੇ ਦੁਕਾਨਾਂ 'ਤੇ ਕਾਲੇ ਝੰਡੇ ਲਾਉਣ ਦੀ ਅਪੀਲ



**ਨਵੀਂ ਦਿੱਲੀ।** ਲਗਪਗ 40 ਕਿਸਾਨ ਜਥੇਬੰਦੀਆਂ 'ਤੇ ਅਧਾਰਤ ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਜਥੇਬੰਦੀ ਵੱਲੋਂ ਦਿੱਲੀ ਦੇ ਬਾਰਡਰਾਂ 'ਤੇ ਕੀਤੇ ਜਾ ਰਹੇ ਸੰਘਰਸ਼ ਦੇ ਛੇ ਮਹੀਨੇ ਪੂਰੇ ਹੋਣ 'ਤੇ 26 ਮਈ ਨੂੰ 'ਕਾਲਾ ਦਿਵਸ' ਮਨਾਇਆ ਜਾਵੇਗਾ। ਇੱਥੇ ਇੱਕ ਵਰਚੁਅਲ ਪ੍ਰੈੱਸ ਕਾਨਫਰੰਸ ਮੌਕੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਕਾਨੂੰਨਾਂ ਖ਼ਿਲਾਫ਼ ਰੋਸ ਵਜੋਂ 26 ਮਈ ਨੂੰ ਆਪਣੇ ਘਰਾਂ, ਵਾਹਨਾਂ ਤੇ ਦੁਕਾਨਾਂ 'ਤੇ ਕਾਲੇ ਝੰਡੇ ਲਾਉਣ। ਉਨ੍ਹਾਂ ਕਿਹਾ,'26 ਮਈ ਨੂੰ ਸਾਡੇ ਸੰਘਰਸ਼ ਨੂੰ ਛੇ ਮਹੀਨੇ ਪੂਰੇ ਹੋ ਜਾਣਗੇ ਅਤੇ ਇਸੇ ਦਿਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਸਰਕਾਰ ਬਣਾਇਆਂ ਸੱਤ ਸਾਲ ਪੂਰੇ ਹੋ ਜਾਣਗੇ। ਅਸੀਂ ਇਸ ਦਿਨ ਨੂੰ 'ਕਾਲੇ ਦਿਵਸ' ਵਜੋਂ ਮਨਾਵਾਂਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ 26 ਮਈ ਨੂੰ 'ਕਾਲਾ ਦਿਵਸ' ਵਜੋਂ ਮਨਾਉਣ 'ਚ ਸਾਥ ਦੇਣ। ਉਨ੍ਹਾਂ ਕਿਹਾ,'ਅਸੀਂ ਮੁਲਕ ਦੇ ਲੋਕਾਂ ਤੇ ਪੰਜਾਬ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਦਿਨ ਆਪਣੇ ਘਰਾਂ, ਦੁਕਾਨਾਂ, ਟਰੱਕਾਂ ਤੇ ਹੋਰ ਵਾਹਨਾਂ 'ਤੇ ਕਾਲੇ ਝੰਡੇ ਲਾਉਣ। ਅਸੀਂ ਮੁਜ਼ਾਹਰੇ ਦੇ ਹਿੱਸੇ ਵਜੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਵੀ ਫੂਕਾਂਗੇ।' ਦੱਸਣਯੋਗ ਹੈ ਕਿ 26 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਕਿਸਾਨ ਖੇਤੀ ਕਾਨੂੰਨਾਂ ਖਿਲਾਫ਼ 'ਦਿੱਲੀ ਚੱਲੋ' ਮੁਹਿੰਮ ਤਹਿਤ ਜਲ ਤੋਪਾਂ ਤੇ ਪੁਲੀਸ ਰੋਕਾਂ ਨੂੰ ਪਾਰ ਕਰਦਿਆਂ ਦਿੱਲੀ ਦੇ ਬਾਰਡਰਾਂ 'ਤੇ ਪੁੱਜੇ ਸਨ। ਇਸ ਮਗਰੋਂ ਮੁਲਕ ਭਰ 'ਚੋਂ ਹਜ਼ਾਰਾਂ ਕਿਸਾਨ ਟਿਕਰੀ, ਸਿੰਘੂ ਅਤੇ ਗਾਜ਼ੀਪੁਰ ਬਾਰਡਰ 'ਤੇ ਕਿਸਾਨੀ ਸੰਘਰਸ਼ ਵਿੱਚ ਹਿੱਸਾ ਲੈਂਦੇ ਰਹੇ ਹਨ। ਸ੍ਰੀ ਰਾਜੇਵਾਲ ਨੇ ਕਿਹਾ ਕਿ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦੀ ਉਨ੍ਹਾਂ ਦੀ ਮੰਗ ਨਹੀਂ ਸੁਣੀ ਹੈ ਤੇ ਖਾਦਾਂ, ਡੀਜ਼ਲ ਤੇ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਨਾਲ ਖੇਤੀਬਾੜੀ ਕਰਨਾ ਸੰਭਵ ਨਹੀਂ ਹੈ। ਦੱਸਣਯੋਗ ਹੈ ਕਿ ਹਜ਼ਾਰਾਂ ਕਿਸਾਨ ਨਵੰਬਰ 2020 ਤੋਂ ਤਿੰਨ ਖੇਤੀ ਵਾਪਸ ਕਰਵਾਉਣ ਦੀ ਮੰਗ ਲਈ ਦਿੱਲੀ ਦੇ ਬਾਰਡਰਾਂ 'ਤੇ ਸੰਘਰਸ਼ ਕਰ ਰਹੇ ਹਨ। ਹਾਲਾਂਕਿ ਮੁਜ਼ਾਹਰਾਕਾਰੀਆਂ ਨਾਲ ਕਈ ਵਾਰ ਗੱਲਬਾਤ ਕਰ ਚੁੱਕੀ ਸਰਕਾਰ ਦਾ ਦਾਅਵਾ ਹੈ ਕਿ ਇਹ ਕਾਨੂੰਨ ਕਿਸਾਨ-ਪੱਖੀ ਹਨ।

# ਫਰੀਦਕੋਟ: ਖੰਡ ਮਿੱਲ ਦੀ ਮਿੱਟੀ ਰੋਲਣ ਲੱਗੀ ਸਰਕਾਰ

**ਫਰੀਦਕੋਟ।** ਕਰੋਨਾ ਮਹਾਮਾਰੀ ਦੌਰਾਨ ਜਿੱਥੇ ਦੇਸ਼ ਦੇ ਲੋਕ ਆਕਸੀਜਨ ਦੀ ਘਾਟ ਕਾਰਨ ਆਪਣੀਆਂ ਜਾਨਾਂ ਗਵਾ ਰਹੇ ਹਨ, ਉੱਥੇ ਹੀ ਫ਼ਰੀਦਕੋਟ ਪ੍ਰਸ਼ਾਸਨ ਨੇ ਪਿਛਲੇ ਕਰੀਬ ਵੀਹ ਸਾਲ ਤੋਂ ਬੰਦ ਪਈ ਫ਼ਰੀਦਕੋਟ ਦੀ ਸਹਿਕਾਰੀ ਸ਼ੂਗਰ ਮਿੱਲ ਵਿੱਚ ਖੜ੍ਹੇ ਹਜ਼ਾਰਾਂ ਰੁੱਖਾਂ ਨੂੰ ਚੁੱਪ ਚੁਪੀਤੇ ਪੁਟਵਾ ਦਿੱਤਾ ਹੈ ਅਤੇ ਬਾਕੀ ਰਹਿੰਦੇ ਰੁੱਖਾਂ ਨੂੰ ਵੀ ਲਗਾਤਾਰ ਪੁੱਟਿਆ ਜਾ ਰਿਹਾ ਹੈ। ਸੂਚਨਾ ਅਨੁਸਾਰ ਫ਼ਰੀਦਕੋਟ-ਕੋਟਕਪੂਰਾ ਸੜਕ 'ਤੇ 135 ਏਕੜ ਵਿੱਚ ਬਣੀ ਸ਼ੂਗਰ ਮਿੱਲ ਸਾਲ 2006 ਤੋਂ ਬੰਦ ਪਈ ਹੈ ਅਤੇ ਸਰਕਾਰ ਨੇ ਇਸ ਥਾਂ 'ਤੇ ਪੁੱਡਾ ਕਲੋਨੀ ਵਸਾਉਣ ਦਾ ਫ਼ੈਸਲਾ ਲਿਆ ਹੈ। ਹਾਲਾਂਕਿ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਸ਼ੂਗਰ ਮਿੱਲ ਵਿੱਚ ਆ ਕੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਆਈ ਤਾਂ ਸ਼ੂਗਰ ਮਿੱਲ ਨੂੰ ਮੁੜ ਚਲਾਇਆ ਜਾਵੇਗਾ ਪਰ ਕੈਪਟਨ ਸਰਕਾਰ ਆਉਣ ਤੋਂ ਤੁਰੰਤ ਬਾਅਦ ਫ਼ਰੀਦਕੋਟ ਦੀ ਸ਼ੂਗਰ ਮਿੱਲ ਦੀ ਮਸ਼ੀਨਰੀ ਨੂੰ ਭੋਗਪੁਰ ਤਬਦੀਲ ਕਰ ਦਿੱਤਾ ਗਿਆ ਸੀ ਅਤੇ ਸ਼ੂਗਰ ਮਿੱਲ ਦੇ 135 ਏਕੜ ਦੇ ਵਿਸ਼ਾਲ ਜੰਗਲ ਨੂੰ ਵੀ ਪੁੱਟਣ ਦੇ ਆਦੇਸ਼ ਦੇ ਦਿੱਤੇ ਸਨ। ਖੰਡ ਮਿੱਲ ਦੇ ਅਧਿਕਾਰੀਆਂ ਨੇ 67 ਲੱਖ ਰੁਪਏ ਵਿੱਚ ਸ਼ੂਗਰ ਮਿੱਲ ਦੇ ਸਾਰੇ ਜੰਗਲ ਨੂੰ ਵੇਚ ਦਿੱਤਾ ਹੈ।

ਇਸ ਜੰਗਲ ਵਿੱਚ ਇਸ ਵੇਲੇ 4 ਲੱਖ ਤੋਂ ਵੱਧ ਰੁੱਖ ਹਨ, ਜਿਨ੍ਹਾਂ ਦੀ ਉਮਰ 25 ਤੋਂ 30 ਸਾਲ ਦੀ ਹੈ। ਵਿਸ਼ਾਲ ਜੰਗਲ ਹੋਣ ਕਾਰਨ ਇੱਥੇ ਮੋਰ, ਤਿੱਤਰ, ਖਰਗੋਸ਼ ਅਤੇ ਹੋਰ ਦੁਰਲੱਭ ਪ੍ਰਜਾਤੀਆਂ ਦੇ ਸੈਂਕੜੇ ਪੰਛੀ ਰਹਿ ਰਹੇ ਹਨ। ਇਸ ਤੋਂ ਇਲਾਵਾ ਇਸ ਜੰਗਲ ਵਿੱਚ ਫ਼ਲਦਾਰ ਬੂਟੇ ਵੀ ਹਨ, ਜਿਨ੍ਹਾਂ ਵਿੱਚ ਅੰਬ, ਅਮਰੂਦ, ਚੀਕੂ, ਬੇਰੀਆਂ ਆਦਿ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ।



**'ਆਪ' ਵੱਲੋਂ ਸੰਘਰਸ਼ ਵਿੱਢਣ ਦਾ ਐਲਾਨ**

ਸ਼ੂਗਰ ਮਿੱਲ ਵਾਲੇ ਇਸ ਜੰਗਲ ਨੂੰ ਪੁੱਟਣ ਦੇ ਵਿਰੋਧ ਵਿੱਚ ਅੱਜ ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਆਗੂ ਗੁਰਦਿੱਤ ਸਿੰਘ ਸੇਖੋਂ ਨੇ ਸ਼ੂਗਰ ਮਿੱਲ ਦਾ ਦੌਰਾ ਕੀਤਾ। ਉਨ੍ਹਾਂ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕਰਦਿਆਂ ਮੰਗ ਕੀਤੀ ਕਿ ਜੰਗਲ ਦੀ ਕਟਾਈ ਨੂੰ ਤੁਰੰਤ ਰੋਕਿਆ ਜਾਵੇ। ਫ਼ਰੀਦਕੋਟ ਦੇ ਡਿਪਟੀ ਕਮਿਸ਼ਨਰ ਵਿਮਲ ਕੁਮਾਰ ਸੇਤੀਆ ਨੇ ਕਿਹਾ ਕਿ ਸ਼ੂਗਰ ਮਿੱਲ ਕਾਫੀ ਸਮਾਂ ਪਹਿਲਾਂ ਵਿਕ ਚੁੱਕੀ ਸੀ ਅਤੇ ਰੁੱਖ ਪੁੱਟਣ ਦਾ ਫ਼ੈਸਲਾ ਜ਼ਿਲ੍ਹਾ ਪੱਧਰ 'ਤੇ ਨਹੀਂ, ਸਗੋਂ ਸੂਬਾ ਪੱਧਰ ਉੱਤੇ ਹੋਇਆ ਹੈ। ਆਮ ਆਦਮੀ ਪਾਰਟੀ ਨੇ ਸ਼ੂਗਰ ਮਿੱਲ ਦੇ ਪੁੱਟੇ ਜਾ ਰਹੇ ਜੰਗਲ ਬਚਾਉਣ ਲਈ ਸਰਕਾਰ ਖ਼ਿਲਾਫ਼ ਸੰਘਰਸ਼ ਵਿੱਢਣ ਦਾ ਵੀ ਐਲਾਨ ਕੀਤਾ ਹੈ।

**ਵਾਤਾਵਰਨ ਪ੍ਰੇਮੀਆਂ ਨੇ ਰੁੱਖਾਂ ਦੀ ਕਟਾਈ ਦਾ ਕੰਮ ਰੁਕਵਾਇਆ**

ਸ਼ਾਮ ਵੇਲੇ ਵਾਤਾਵਰਨ ਪ੍ਰੇਮੀਆਂ ਨੇ ਸ਼ੂਗਰ ਮਿੱਲ ਦੇ ਅਹਾਤੇ ਵਿੱਚ ਆ ਕੇ ਵੱਢੇ ਜਾ ਰਹੇ ਜੰਗਲ ਦੇ ਕੰਮ ਨੂੰ ਰੋਕ ਦਿੱਤਾ ਹੈ। 'ਸੀਰ' ਨਾਮ ਦੀ ਸੰਸਥਾ ਨੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜੰਗਲ ਨੂੰ ਪੁੱਟ ਰਹੇ ਮਜ਼ਦੂਰਾਂ ਨੂੰ ਉੱਥੋਂ ਜਾਣ ਲਈ ਕਿਹਾ ਅਤੇ ਠੇਕੇਦਾਰ ਨੂੰ ਸਪੱਸ਼ਟ ਕਰ ਦਿੱਤਾ ਕਿ ਕਿਸੇ ਵੀ ਕੀਮਤ 'ਤੇ ਹੋਰ ਰੁੱਖ ਨਹੀਂ ਵੱਢਣ ਦਿੱਤੇ ਜਾਣਗੇ।

# ਸਿੱਧੂ ਖ਼ਿਲਾਫ਼ ਕਾਰਵਾਈ ਲਈ ਫਾਈਲਾਂ ਤੋਂ ਮਿੱਟੀ ਝਾੜਨ ਲੱਗਾ ਵਿਜੀਲੈਂਸ

**ਐਸ.ਏ.ਐਸ.ਨਗਰ (ਮੁਹਾਲੀ)।** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਇਕ ਦੂਜੇ ਖ਼ਿਲਾਫ਼ ਕੀਤੀਆਂ ਜਾ ਰਹੀਆਂ ਟਿੱਪਣੀਆਂ ਤੋਂ ਬਾਅਦ ਜਿੱਥੇ ਸਿਆਸੀ ਮਾਹੌਲ ਭਖ ਗਿਆ ਹੈ, ਉੱਥੇ ਸਰਕਾਰ ਦਾ ਇਸ਼ਾਰਾ ਮਿਲਦੇ ਹੀ ਵਿਜੀਲੈਂਸ ਅਧਿਕਾਰੀਆਂ ਨੇ ਨਵਜੋਤ ਸਿੱਧੂ ਨੂੰ ਕਥਿਤ ਤੌਰ 'ਤੇ ਡੱਕਣ ਲਈ ਦਫ਼ਤਰੀ ਫਾਈਲਾਂ ਤੋਂ ਮਿੱਟੀ ਝਾੜਨੀ ਸ਼ੁਰੂ ਕਰ ਦਿੱਤੀ ਹੈ। ਅੱਜ ਇੱਥੋਂ ਦੇ ਸੈਕਟਰ-68 ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿੱਚ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਦੇ ਐੱਸਐੱਸਪੀ ਪਰਮਪਾਲ ਸਿੰਘ ਵੱਲੋਂ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਕੁੱਝ ਪੁਰਾਣੀਆਂ ਫਾਈਲਾਂ ਦੀ ਫਰੋਲਾ-ਫਰੋਲੀ ਕੀਤੀ ਗਈ। ਵਿਜੀਲੈਂਸ ਨੇ ਕੁੱਝ ਅਹਿਮ ਫਾਈਲਾਂ ਅਤੇ ਦਸਤਾਵੇਜ਼ ਕਬਜ਼ੇ ਵਿੱਚ ਲੈ ਕੇ ਅੰਦਰਖਾਤੇ ਪੜਤਾਲ ਸ਼ੁਰੂ ਕਰ ਦਿੱਤੀ ਹੈ। ਇਸ ਗੱਲ ਦੀ ਪੁਸ਼ਟੀ ਵਿਜੀਲੈਂਸ ਦੇ ਇਕ ਉੱਚ ਅਧਿਕਾਰੀ ਨੇ ਕੀਤੀ ਹੈ।ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਵਜੋਤ ਸਿੱਧੂ 'ਤੇ ਕਾਨੂੰਨੀ ਸ਼ਿਕੰਜਾ ਕੱਸਣ ਲਈ ਸਭ ਤੋਂ ਪਹਿਲਾਂ ਉਸ ਦੇ ਕੁਝ ਕਰੀਬੀਆਂ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ। ਸਿੱਧੂ ਦੇ ਸਾਬਕਾ ਓਐੱਸਡੀ ਅਤੇ ਇਕ ਨਿੱਜੀ ਸਹਾਇਕ ਖ਼ਿਲਾਫ਼ ਕਾਰਵਾਈ ਹੋਣ ਦੇ ਸੰਕੇਤ ਮਿਲੇ ਹਨ। ਇਨ੍ਹਾਂ ਦੋਹਾਂ ਕਰਮਚਾਰੀਆਂ 'ਤੇ ਸਥਾਨਕ ਸਰਕਾਰਾਂ ਵਿਭਾਗ ਨਾਲ ਸਬੰਧਤ ਵਿਕਾਸ ਪ੍ਰਾਜੈਕਟਾਂ, ਜ਼ਮੀਨ ਅਲਾਟਮੈਂਟ ਸਮੇਤ ਬਿੱਲਾਂ ਦੇ ਭੁਗਤਾਨ ਆਦਿ ਕੰਮ ਸਿੱਧੂ ਨੂੰ ਭਰੋਸੇ ਵਿੱਚ ਲੈ ਕੇ ਕਰਵਾਉਣ ਦੇ ਦੋਸ਼ ਲੱਗੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਧੂ ਦੇ ਕੈਬਨਿਟ ਮੰਤਰੀ ਹੁੰਦਿਆਂ ਅਜਿਹੇ ਕਈ ਕਥਿਤ ਘੁਟਾਲੇ ਸਿਆਸੀ ਦਬਾਅ ਕਾਰਨ ਦੱਬੇ ਜਾਂਦੇ ਰਹੇ ਹਨ ਅਤੇ ਹੁਣ ਜਦੋਂ ਸਿੱਧੂ ਅਤੇ ਮੁੱਖ ਮੰਤਰੀ ਸਿਆਸੀ ਤੌਰ 'ਤੇ ਇਕ ਦੂਜੇ ਖ਼ਿਲਾਫ਼ ਸਾਹਮਣੇ ਆ ਗਏ ਹਨ ਤਾਂ ਅਜਿਹੇ ਸਮੇਂ ਸਿੱਧੂ ਦੀਆਂ ਮੁੱਖ ਮੰਤਰੀ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਕਾਨੂੰਨੀ ਪੈਂਤੜਾ ਖੇਡਿਆ ਜਾ ਰਿਹਾ ਹੈ। ਪਹਿਲਾਂ ਵੀ ਜਦੋਂ ਕਿਸੇ ਵੱਡੇ ਸਿਆਸਤਦਾਨ ਖ਼ਿਲਾਫ਼ ਕੋਈ ਵਿਅਕਤੀ ਸੱਚ ਬੋਲਣ ਦੀ ਹਿੰਮਤ ਕਰਦਾ ਹੈ ਤਾਂ ਉਸ ਦੀ ਆਵਾਜ਼ ਦਬਾਉਣ ਲਈ ਹੁਕਮਰਾਨਾਂ ਵੱਲੋਂ ਵਿਜੀਲੈਂਸ, ਸੀਬੀਆਈ ਅਤੇ ਐੱਨਆਈਏ ਨੂੰ ਆਪਣੇ ਬਚਾਅ ਲਈ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ। ਜਾਣਕਾਰੀ ਅਨੁਸਾਰ ਸੱਤਾਧਾਰੀ ਦਲ ਨੇ ਮਾਈਨਿੰਗ, ਗੁੰਡਾ ਪਰਚੀ, ਨਕਲੀ ਸ਼ਰਾਬ, ਟਰਾਂਸਪੋਰਟ, ਸ਼ਹਿਰੀ ਜਾਇਦਾਦ ਅਤੇ ਸਰਕਾਰੀ ਠੇਕਿਆਂ ਨਾਲ ਸਬੰਧਤ ਰਹੇ ਕੁੱਝ ਮੰਤਰੀਆਂ ਅਤੇ ਵਿਧਾਇਕਾਂ ਸਮੇਤ ਸੀਨੀਅਰ ਆਗੂਆਂ ਦੀਆਂ ਫਾਈਲਾਂ ਵੀ ਤਿਆਰ ਕਰ ਕੇ ਰੱਖੀਆਂ ਹੋਈਆਂ ਹਨ ਤਾਂ ਜੋ ਉਨ੍ਹਾਂ ਵੱਲੋਂ ਬਗਾਗਤ ਕਰਨ 'ਤੇ ਅਜਿਹੀ ਕਾਰਵਾਈ ਕੀਤੀ ਜਾ ਸਕੇ।



OUR PARTNERS IN PROMOTION
WORLD PUNJABI NEWS NETWORK
whitecloud.in WHITECLOUD INTERNATIONAL
WEB PRESENCE PROVIDER
SmartBrainz EXPLORE. CHOOSE. BUY.
TECHNOLOGY PROVIDER
WORLD PUNJABI NEWS NETWORK
NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਮੌਜੂਦਾ ਸੰਕਟ: ਵੱਧ ਤੋਂ ਵੱਧ ਸਰਕਾਰੀ ਦਖ਼ਲ ਦੀ ਲੋੜ

ਦੁਨੀਆ ਭਰ ਵਿਚ ਕਰੋਨਾਵਾਇਰਸ ਨਾਲ ਮਨੁੱਖੀ ਜਾਨਾਂ ਜਾ ਰਹੀਆਂ ਹਨ ਅਤੇ ਨਾਲ ਹੀ ਤਾਲਾਬੰਦੀਆਂ ਕਾਰਨ ਅਰਥਚਾਰੇ ਉੱਤੇ ਪੈ ਰਹੇ ਅਸਰ ਨਾਲ ਕਰੋੜਾਂ ਦੀ ਗਿਣਤੀ ਵਿਚ ਕਾਰੋਬਾਰ ਠੱਪ ਹੋਣ ਕਰ ਕੇ ਬੇਰੁਜ਼ਗਾਰੀ, ਗ਼ਰੀਬੀ ਅਤੇ ਭੁੱਖਮਰੀ ਵੱਡੇ ਸੰਕਟ ਦੇ ਤੌਰ ਉੱਤੇ ਉੱਭਰ ਰਹੇ ਹਨ। ਕਾਰਪੋਰੇਟ ਵਿਕਾਸ ਮਾਡਲ ਨੂੰ ਪ੍ਰਣਾਈਆਂ ਸਰਕਾਰਾਂ ਨੇ ਸਿਹਤ, ਸਿੱਖਿਆ ਅਤੇ ਹੋਰ ਬਹੁਤ ਸਾਰੇ ਮਹੱਤਵਪੂਰਨ ਖੇਤਰਾਂ ਵਿਚੋਂ ਹੱਥ ਖਿੱਚ ਲਿਆ ਸੀ। ਨਰਿੰਦਰ ਮੋਦੀ ਨੇ ਪਹਿਲੀ ਵਾਰ 2014 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਦੀ ਕੁਰਸੀ ਹਾਸਿਲ ਕਰਦਿਆਂ ਹੀ ਆਪਣੀ ਸਰਕਾਰ ਦਾ ਮੰਤਰ ਦਿੱਤਾ ਸੀ- ਘੱਟ ਤੋਂ ਘੱਟ ਸਰਕਾਰ ਅਤੇ ਵੱਧ ਤੋਂ ਵੱਧ ਸ਼ਾਸਨ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਕ ਟੀਵੀ ਚੈਨਲ ਨੂੰ ਇੰਟਰਵਿਊ ਵਿਚ ਨਰਿੰ-ਦਰ ਮੋਦੀ ਨੇ ਕਿਹਾ ਕਿ ਦੇਸ਼ ਅਜੇ ਤੱਕ ਵੀ ਘੱਟ ਤੋਂ ਘੱਟ ਸਰਕਾਰ ਅਤੇ ਵੱਧ ਤੋਂ ਵੱਧ ਸ਼ਾਸਨ ਦੀ ਹਕੀਕਤ ਤੋਂ ਅਣਜਾਣ ਹੈ। ਉਨ੍ਹਾਂ ਦਾਅਵਾ ਕੀਤਾ ਸੀ ਕਿ ਦੇਸ਼ ਵਿਚ ਉਨ੍ਹਾਂ ਇਕ ਘੰਟੇ ਵਿਚ 12 ਲੱਖ ਕਰੋੜ ਰੁਪਏ ਦੇ ਪ੍ਰਾਜੈਕਟਾਂ ਨੂੰ ਹਰੀ ਝੰਡੀ ਦੇ ਦਿੱਤੀ ਹੈ ਜੋ 30-40 ਸਾਲਾਂ ਤੋਂ ਲਟਕ ਰਹੇ ਸਨ। ਪ੍ਰਸ਼ਾਸਨਿਕ ਢਾਂਚੇ ਵਿਚ ਨਿਪੁੰਨਤਾ ਲਿਆਉਣੀ ਜ਼ਰੂਰੀ ਹੈ।

ਪ੍ਰਧਾਨ ਮੰਤਰੀ ਕਹਿੰਦੇ ਸਨ ਕਿ ਸ਼ੁਰੂ ਦੇ ਸਮੇਂ ਵਿਚ ਮੰਤਰੀ ਮੰਡਲ ਦਾ ਨੋਟ ਸਾਰੇ ਮੰਤਰੀਆਂ ਤੱਕ ਪਹੁੰਚਾਉਣ ਲਈ ਹੀ ਛੇ ਮਹੀਨੇ ਲੱਗ ਜਾਂਦੇ ਸਨ ਪਰ ਹੁਣ ਇਹ 15 ਦਿਨਾਂ ਅੰਦਰ ਪਹੁੰਚ ਜਾਂਦਾ ਹੈ। ਉਂਜ, ਦੇਸ਼ ਵਿਚ ਆਕਸੀਜਨ ਦੀ ਤੋਟ, ਬੈੱਡ ਅਤੇ ਵੈਂਟੀਲੇਟਰਾਂ ਦੀ ਕਮੀ ਕਾਰਨ ਹੋ ਰਹੀਆਂ ਮੌਤਾਂ ਕਰ ਕੇ ਹਾਹ-ਾਕਾਰ ਮੱਚ ਗਈ ਤਾਂ ਕਿਤੇ ਜਾ ਕੇ ਕੇਂਦਰੀ ਕੈਬਨਿਟ ਦੀ ਇਕ ਮੀਟਿੰਗ ਹੋਈ ਹੈ। ਕਰੋਨਾ ਨਾਲ ਨਜਿੱਠਣ ਲਈ ਸ਼ਾਸਨ ਦੀ ਨਿਪੁੰਨਤਾ ਤਾਂ ਦੂਰ, ਪ੍ਰਸ਼ਾਸਨਿਕ ਢਾਂਚਾ ਪੂਰੀ ਤਰ੍ਹਾਂ ਲਾਚਾਰ ਦਿਖਾਈ ਦੇ ਰਿਹਾ ਹੈ। ਪਿਛਲੇ ਸਾਲ ਮਾਰਚ ਵਿਚ ਕਰੋਨਾ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ ਨੇ ਅਜਿਹੀ ਸਖ਼ਤ ਤਾਲਾਬੰਦੀ ਦਾ ਐਲਾਨ ਕਰ ਦਿੱਤਾ ਕਿ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਚਲੀ ਗਈ, ਕਾਰੋਬਾਰ ਠੱਪ ਹੋ ਗਏ। ਆਰਥਿਕ ਮਾਹਿਰਾਂ ਦੀ ਰਾਇ ਨੂੰ ਨਜ਼ਰਅੰਦਾਜ਼ ਕਰਨ ਦਾ ਨਤੀਜਾ ਇਹ ਨਿੱਕਲਿਆ ਕਿ ਕਰੋੜਾਂ ਦੀ ਗਿਣਤੀ ਵਿਚ ਪਰਵਾਸੀ ਮਜ਼ਦੂਰਾਂ ਨੂੰ ਆਪਣੇ ਘਰਾਂ ਵੱਲ ਸੈਂਕੜੇ ਕਿਲੋਮੀਟਰ ਦੂਰ ਪੈਦਲ ਤੁਰ ਕੇ ਜਾਣਾ ਪਿਆ। ਇਹ ਸਰਕਾਰ ਉੱਤੇ ਬੇਭਰੋਸਗੀ ਹੀ ਹੈ ਕਿ 2021 ਵਿਚ ਤਾਲਾਬੰਦੀ ਦੀਆਂ ਕਨਸੋਆਂ ਦੇ ਨਾਲ ਹੀ ਪਰਵਾਸੀ ਮਜ਼ਦੂਰ ਮੁੜ ਆਪੋ-ਆਪਣੇ ਘਰਾਂ ਨੂੰ ਪਰਤਣ ਲੱਗ ਗਏ।

ਪ੍ਰਧਾਨ ਮੰਤਰੀ ਨੇ ਟੈਲੀਵਿਜ਼ਨ ਚੈਨਲ ਤੇ ਆ ਕੇ ਕੇਵਲ ਇੰਨਾ ਹੀ ਕਿਹਾ ਕਿ ਜਿੱਥੇ ਕੋਈ ਹੈ, ਉਸੇ ਜਗ੍ਹਾ ਰਹਿਣਾ ਚਾਹੀਦਾ ਹੈ। ਸੂਬਾ ਸਰਕਾਰਾਂ ਨੂੰ ਇਸ ਬਾਰੇ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਪੁਰਾਣੀ ਗ਼ਲਤੀ ਮੰਨਣ ਤੋਂ ਬਿਨਾਂ ਹੀ ਇਹ ਕਹਿ ਦਿੱਤਾ ਕਿ ਤਾਲਾਬੰਦੀ ਆਖ਼ਰੀ ਫ਼ੈਸਲੇ ਵਜੋਂ ਹੀ ਲਾਗੂ ਕੀਤੀ ਜਾਣੀ ਚਾਹੀਦੀ ਹੈ। ਕੁਦਰਤੀ ਆਫ਼ਤਾਂ ਨਾਲ ਨਜਿੱਠਣ ਵਾਲੇ ਕਾਨੂੰਨ ਵਿਚ ਤਾਕਤ ਪੂਰੀ ਤਰ੍ਹਾਂ ਕੇਂਦਰ ਸਰਕਾਰ ਕੋਲ ਹੈ। ਇਸ ਵਾਰ ਪ੍ਰਧਾਨ ਮੰਤਰੀ ਪੂਰੀ ਜ਼ਿੰਮੇਵਾਰੀ ਰਾਜਾਂ ਦੇ ਸਿਰ ਮੜ੍ਹ ਕੇ ਸੁਰਖ਼ਰੂ ਹੋਣਾ ਚਾਹੁੰਦੇ ਹਨ। ਵਿਗਿਆਨੀਆਂ ਦੀ ਮਾਰਚ ਮਹੀਨੇ ਦਿੱਤੀ ਰਿਪੋਰਟ ਨੂੰ



ਨਜ਼ਰਅੰਦਾਜ਼ ਕਰ ਕੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਮੇਤ ਪੂਰਾ ਸਰਕਾਰੀ ਤੰਤਰ ਚਾਰ ਰਾਜਾਂ ਅਤੇ ਇਕ ਕੇਂਦਰ ਸ਼ਾਸਿਤ ਪ੍ਰਦੇਸ਼, ਵਿਸ਼ੇਸ਼ ਤੌਰ ਉੱਤੇ ਪੱਛਮੀ ਬੰਗਾਲ ਵਿਚ ਵੋਟਾਂ ਲਈ ਭੀੜਾਂ ਇਕੱਠੀਆਂ ਕਰਦੇ ਰਹੇ। ਪਿੱਛੇ 'ਵੱਧ ਤੋਂ ਵੱਧ ਸ਼ਾਸਨ' ਨੇ ਕੋਈ ਕੰਮ ਹੀ ਨਹੀਂ ਕੀਤਾ।

ਪਿਛਲੇ ਸਾਲ ਤਾਂ ਬੇਰੁਜ਼ਗਾਰੀ ਦੀ ਦਰ 24 ਫ਼ੀਸਦੀ ਤੱਕ ਵਧ ਗਈ ਸੀ। ਕੁਦਰਤੀ ਜਾਂ ਮਨੁੱਖ ਵੱਲੋਂ ਖੁਦ ਸਹੇੜੀ ਆਫ਼ਤ ਵੀ ਸਭ ਲਈ ਇਕੋ ਜਿਹੀ ਨਹੀਂ ਹੈ। ਇਸ ਦੌਰਾਨ ਕਾਰਪੋਰੇਟ ਘਰਾਣੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਔਕਸਫੈਮ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ ਤਾਲਾਬੰਦੀ ਦੌਰਾਨ ਭਾਰਤੀ ਅਰਬਪਤੀਆਂ ਦੀ ਦੌਲਤ 35 ਫ਼ੀਸਦੀ ਵਧੀ ਹੈ। ਕਰੋਨਾ ਦੌਰਾਨ ਦੇਸ਼ ਦਾ ਸਭ ਤੋਂ ਅਮੀਰ ਆਦਮੀ 90 ਕਰੋੜ ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਕਮਾਈ ਕਰਦਾ ਰਿਹਾ ਹੈ ਜਦਕਿ 24 ਫ਼ੀਸਦੀ ਭਾਰਤੀ 3 ਹਜ਼ਾਰ ਰੁਪਏ ਮਹੀਨਾ ਤੋਂ ਵੀ ਘੱਟ ਨਾਲ ਪਰਿਵਾਰ ਪਾਲਦੇ ਹਨ। ਦੇਸ਼ ਦੇ 100 ਅਰਬਪਤੀ ਜੇ ਪਿਛਲੇ ਸਾਲ ਮਾਰਚ ਤੋਂ ਬਾਅਦ ਕਮਾਏ ਮੁਨ-ਾਫ਼ੇ ਨੂੰ ਲੋਕ ਹਿੱਤ ਲਈ ਵਰਤਦੇ ਤਾਂ 13.80 ਕਰੋੜ ਹਰ ਭਾਰਤੀ ਦੇ ਖਾਤੇ ਵਿਚ 94045 ਰੁਪਏ ਪਾਏ ਜਾ ਸਕਦੇ ਹਨ। ਨਾ-ਬਰਾਬਰੀ ਨਾਲ ਸਬੰਧਿਤ ਰਿਪੋਰਟ ਕਹਿੰਦੀ ਹੈ ਕਿ ਕੇਵਲ 11 ਅਰਬਪਤੀਆਂ ਦੀ ਇਸ ਦੌਰਾਨ ਕੀਤੀ ਕਮਾਈ 10 ਸਾਲ ਤੱਕ ਮਗਨਰੇਗਾ ਜਾਂ ਕੇਂਦਰੀ ਸਿਹਤ ਮੰਤਰਾਲੇ ਦਾ ਖਰਚਾ ਉਠਾ ਸਕਦੀ ਹੈ। ਇਸ ਰਿਪੋਰਟ ਵਿਚ ਇਹ ਸਿਫ਼ਾਰਿਸ਼ ਕੀਤੀ ਗਈ ਸੀ ਕਿ ਦੌਲਤ ਕਰ (ਵੈਲਥ ਟੈਕਸ) ਮੁੜ ਲਗਾਉਣਾ ਚਾਹੀਦਾ ਹੈ ਅਤੇ 10 ਲੱਖ ਤੋਂ ਵੱਧ ਆਮਦਨ ਵਾਲਿਆਂ ਉੱਤੇ 4 ਫ਼ੀਸਦੀ ਇਕ ਵਾਰ ਕੋਵਿਡ ਸੈੱਸ ਲਗਾਉਣ ਨਾਲ ਅਰਥਚਾਰਾ ਮੁੜ ਲੀਹ ਤੇ ਆ ਸਕਦਾ ਹੈ। ਦੇਸ਼ ਦੇ ਕੁੱਲ 954 ਅਮੀਰ ਘਰਾਣਿਆਂ ਤੋਂ ਉਗਰਾਹਿਆ ਜਾਣ ਵਾਲਾ ਦੌਲਤ ਕਰ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਦਾ ਇਕ ਫੀਸਦੀ ਬਣ ਜਾਵੇਗਾ। ਕੇਂਦਰ ਸਰਕਾਰ ਅਜਿਹੀ ਕਿਸੇ ਸਿਫ਼ਾਰਿਸ਼ ਨੂੰ ਮੰਨਣ ਲਈ ਤਿਆਰ ਨਹੀਂ ਬਲਕਿ ਕਾਰਪੋਰੇਟ ਨੂੰ ਲਾਭ ਦੇਣ ਲਈ ਕਿਰਤ ਕਾਨੂੰਨਾਂ ਅਤੇ ਖੇਤੀ ਕਾਨੂੰਨਾਂ ਵਿਚ ਅਜਿਹੇ ਸੁਧਾਰ ਕਰ ਦਿੱਤੇ ਹਨ ਜਿਸ ਨਾਲ ਕਾਰ-ਪੋਰੇਟ ਲਈ ਖੁੱਲ੍ਹੀ ਖੇਡ ਦਾ ਰਾਹ ਸਾਫ਼ ਹੋ ਗਿਆ ਹੈ।

ਸੈਂਟਰ ਫਾਰ ਮੋਨੀਟਰਿੰਗ ਇੰਡੀਅਨ ਇਕਾਨਮੀ (ਸੀਐੱਮਆਈਈ) ਦੀ ਰਿਪੋਰਟ ਮੁਤਾਬਿਕ ਇਸੇ ਸਾਲ ਮਾਰਚ ਮਹੀਨੇ ਨਾਲੋਂ ਵੀ ਅਪਰੈਲ ਦੇ ਮਹੀਨੇ ਵਿਚ 75 ਲੱਖ ਨੌਕਰੀਆਂ ਚਲੀਆਂ ਗਈਆਂ ਹਨ। ਇਨ੍ਹਾਂ ਵਿਚ 28 ਲੱਖ ਨੌਕਰੀਪੇਸ਼ਾ ਲੋਕਾਂ ਦੀਆਂ ਹਨ। ਇਸੇ ਕਰ ਕੇ ਤਾਲਾਬੰਦੀਆਂ ਖ਼ਿਲਾਫ਼ ਵਪਾਰੀ ਅਤੇ ਕਿਰਤੀ ਸੜਕਾਂ ਉੱਤੇ ਆਉਣ ਲਈ ਮਜਬੂਰ ਹਨ। ਅਜਿਹੇ ਮਾਹੌਲ ਵਿਚ ਸਰਕਾਰ ਵੱਲੋਂ ਵਿੱਤੀ ਸਹਾਇਤਾ ਦੀ ਕੋਈ ਜ਼ਿੰਮੇਵਾਰੀ ਫਿਲਹਾਲ ਨਹੀਂ ਨਿਭਾਈ ਜਾ ਰਹੀ।

ਅਮਰੀਕਾ ਕਾਰਪੋਰੇਟ ਫ਼ਿਲਾਸਫੀ ਦੀ ਅਗਵਾਈ ਕਰਨ ਵਾਲਾ ਮੁਲਕ ਹੈ ਪਰ ਅਮਰੀਕੀ ਸੰਵਿਧਾਨਕ ਸੰਸਥਾਵਾਂ ਅਤੇ ਲੋਕਾਂ ਅੰਦਰ ਆਪਣੇ ਅਧਿਕਾਰਾਂ ਬਾਰੇ ਜਾਗਰੂਕਤਾ ਹੁਕਮਰਾਨਾਂ ਨੂੰ ਉਨ੍ਹਾਂ ਦੀ ਤਕਲੀਫ਼ ਸਮਝਣ ਅਤੇ ਉਸ ਮੁਤਾਬਿਕ ਕੰਮ ਕਰਨ ਲਈ ਮਜਬੂਰ ਜ਼ਰੂਰ ਕਰ ਦਿੰਦੀ ਹੈ। ਕਰੋਨਾ ਦੌਰਾਨ ਹੀ ਜੌਰਜ ਫਲੌਇਡ ਦੀ ਗਰਦਨ ਉੱਤੇ ਗੋਡਾ ਧਰ ਕੇ ਮਾਰਨ ਵਾਲੇ ਪੁਲੀਸ ਵਾਲੇ ਨੂੰ ਸਜ਼ਾ ਦੇਣ ਤੋਂ ਅੱਗੇ ਜਾਂਦਿਆਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਨਸਲਵਾਦ ਰੋਕਣ ਦੀ ਮੁਹਿੰਮ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਫਲੌਇਡ ਦੀ ਬੇਟੀ ਨੂੰ ਧਰਵਾਸ ਦਿਵ-ਾਇਆ ਹੈ। ਸਾਡੇ ਤੰਤਰ ਵਿਚ ਸੰਵਿਧਾਨਕ ਸੰਸਥਾਵਾਂ ਸੱਤਾ ਸਾਹਮਣੇ ਨਤਮਸਤਕ ਹੋਈਆਂ ਨਜ਼ਰ ਆ ਰਹੀਆਂ ਹਨ।

ਡੋਨਾਲਡ ਟਰੰਪ ਲੋਕਾਂ ਦੀ ਪ੍ਰਵਾਹ ਕੀਤੇ ਬਿਨਾਂ ਅਤੇ ਸਿਆਸਤ ਨੂੰ ਨਸਲੀ ਲੀਹਾਂ ਉੱਤੇ ਚਲਾ ਕੇ ਉਸ ਤਾਕਤ ਦਾ ਕਾਰਪੋਰੇਟ ਦੇ ਹੱਕ ਵਿਚ ਵਰਣਤ ਦੀ ਮਾਨਸਿਕਤਾ ਨਾਲ ਲੈਸ ਸੀ। ਨਰਿੰਦਰ ਮੋਦੀ ਅਤੇ ਟਰੰਪ ਦੀ ਜੋੜੀ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਦੇਖੀਆਂ ਜਾਂਦੀਆਂ ਸਨ। ਬਾਇਡਨ ਵੀ ਭਾਵੇਂ ਕਾਰਪੋਰੇਟ ਪ੍ਰਣਾਲੀ ਤੋਂ ਪਿੱਛੇ ਨਹੀਂ ਹਟੇਗਾ ਪਰ ਉਸ ਨੇ ਕਰੋਨਾ ਦੌਰਾਨ ਆ ਰਹੀਆਂ ਸਮੱਸਿਆਵਾਂ ਦੀ ਇਕ ਹੱਦ ਤੱਕ ਸਹੀ ਨਿਸ਼ਾਨਦੇਹੀ ਕਰਦਿਆਂ ਉਸ ਨੂੰ ਹੱਲ ਕਰਨ ਦੇ ਸੰਕੇਤ ਦਿੱਤੇ ਹਨ। ਉਸ ਨੇ ਅਮਰੀਕੀ ਨਾਗਰਿਕਾਂ ਦੀ ਸੰਤੁਸ਼ਟੀ ਰਾਹੀਂ ਮੁੜ ਦੁਨੀਆ ਭਰ ਦੀ ਅਗਵਾਈ ਸੰਭਾਲਣ ਦਾ ਸੱਦਾ ਦਿੱਤਾ ਹੈ।

ਰਾਸ਼ਟਰਪਤੀ ਬਣਨ ਤੋਂ ਬਾਅਦ ਕਾਂਗਰਸ ਦੇ ਦੋਵਾਂ ਸਦਨਾਂ ਦੇ ਸਾਂਝੇ ਸੈਸ਼ਨ ਨੂੰ ਸੰਬੋਧਨ ਕਰਦਿਆਂ 28 ਅਪਰੈਲ ਨੂੰ ਬਾਇਡਨ ਨੇ ਕਿਹਾ ਹੈ ਕਿ ਹੁਣ ਵੱਧ ਤੋਂ ਵੱਧ ਸਰਕਾਰੀ ਦਖ਼ਲ ਦਾ ਸਮਾਂ ਹੈ ਕਿਉਂਕਿ ਕੁਝ ਚੀਜ਼ਾਂ ਅਜਿਹੀਆਂ ਹਨ ਜੋ ਸਰਕਾਰ ਹੀ ਕਰ ਸਕਦੀ ਹੈ। ਇਸੇ ਲਈ ਉਸ ਨੇ ਅਮਰੀਕਾ ਅੰਦਰ ਅੱਠ ਸਾਲਾ ਨੌਕਰੀ ਯੋਜਨਾ (ਜੌਬ ਪਲਾਨ) ਦਾ ਐਲਾਨ ਕੀਤਾ ਹੈ। ਇਹ ਦੂਜੀ ਸੰਸਾਰ ਜੰਗ ਤੋਂ ਪਿੱਛੋਂ ਅਮਰੀਕਾ ਦੀ ਪਹਿਲੀ ਅਜਿਹੀ ਯੋਜਨਾ ਮੰਨੀ ਜਾ ਰਹੀ ਹੈ। ਉਸ ਨੇ ਸਰਵ-ਵਿਆਪਕ ਸਰਕਾਰੀ ਸਕੂਲ ਅਤੇ ਕਾਲਜ ਨਵੇਂ ਮੌਕਿਆਂ ਦੇ ਦੁਆਰ ਖੋਲ੍ਹਣਗੇ। ਬਾਇਡਨ ਨੇ ਸਪੱਸ਼ਟ ਕਿਹਾ ਕਿ ਨੌਕਰੀਆਂ ਪੈਦਾ ਕਰਨੀਆਂ ਅਮਰੀਕੀ ਅਰਥਚਾਰੇ ਲਈ ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਅਤੇ ਇਹ ਨੌਕਰੀਆਂ ਕਿਰਤੀ ਵਰਗ ਲਈ ਹੋਣੀਆਂ ਚਾਹੀਦੀਆਂ ਹਨ।

ਬਾਇਡਨ ਨੇ ਕਿਹਾ ਕਿ ਵਾਲ ਸਟਰੀਟ ਵਿਚ ਚੰਗੇ ਲੋਕ ਹਨ ਪਰ ਦੇਸ਼ ਮੱਧ ਵਰਗ ਅਤੇ ਯੂਨੀਅਨਾਂ ਨੇ ਬਣਾਇਆ ਹੈ। ਉਨ੍ਹਾਂ ਕਿਰਤੀ ਵਰਗ ਦੀ ਸੌਦੇਬਾਜ਼ੀ ਯੋਗਤਾ (ਬਾਰਗੇਨਿੰਗ ਪਾਵਰ) ਵਧਾਉਣ ਲਈ ਕਾਂਗਰਸ ਨੂੰ ਜਥੇਬੰਦੀ ਬਣਾਉਣ ਦੇ ਹੱਕ ਨੂੰ ਸੁਰੱਖਿਅਤ ਕਰਨ, ਘੱਟੋ-ਘੱਟ ਉਜਰਤ ਵਿਚ ਵਾਧਾ ਕਰਨ ਅਤੇ ਔਰਤਾਂ ਨੂੰ ਇੱਕੋ ਕੰਮ ਬਦਲੇ ਬਰਾਬਰ ਦੀ ਤਨਖ਼ਾਹ ਯਕੀਨੀ ਬਣਾਉਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਲਈ ਕਿਹਾ ਹੈ। ਹਫ਼ਤੇ ਵਿਚ 40 ਘੰਟੇ ਕੰਮ ਕਰਨ ਵਾਲਾ ਕੋਈ ਵੀ ਸ਼ਖ਼ਸ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਸਿਆਸੀ ਤਾਨਾਸ਼ਾਹੀ ਵਾਲੇ ਮੁਲਕਾਂ (ਚੀਨ) ਨਾਲ ਮੁਕਾਬਲੇ ਲਈ ਆਪਣੇ ਪਰਿਵਾਰਾਂ ਅਤੇ ਬੱਚਿਆਂ ਦੇ ਵਿਕਾਸ ਲਈ ਪੀੜ੍ਹੀ ਵਾਸਤੇ ਨਿਵੇਸ਼ ਦੀ ਜ਼ਰੂਰਤ ਉੱਤੇ ਜ਼ੋਰ ਦਿੱਤਾ ਹੈ। ਅਜਿਹਾ ਕਰ ਕੇ ਹੀ ਦਾਅਵਾ ਕੀਤਾ ਜਾ ਸਕਦਾ ਹੈ ਕਿ ਜਮਹੂਰੀ ਢਾਂਚਾ ਅਜੇ ਵੀ ਕੰਮ ਕਰਨ ਦੇ ਲਾਇਕ ਹੈ। ਉਨ੍ਹਾਂ ਅਮਰੀਕਨ ਪਰਿਵਾਰ ਯੋਜਨਾ ਐਲਾਨ ਕੀਤੀ ਹੈ ਜਿਸ ਤਹਿਤ 16 ਸਾਲ ਤੱਕ ਸਰਬਵਿਆਪੀ ਵਿੱਦਿਆ ਲਈ ਗ੍ਰਾਂਟ, ਕਾਲਿਆਂ ਦੇ ਇਤਿਹਾ-ਸਕ ਕਾਲਜ ਤੇ ਯੂਨੀਵਰਸਿਟੀਆਂ, ਕਬੀਲਿਆਈ ਕਾਲਜ, ਘੱਟ ਗਿਣਤੀਆਂ ਨਾਲ ਸਬੰਧਿਤ ਸੰਸਥਾਵਾਂ ਦੀ ਵਿੱਤੀ ਸਹਾਇਤਾ, ਬੱਚਿਆਂ ਦੀ ਉੱਚ ਪਾਏ ਦੀ ਦੇਖਭਾਲ, ਸਾਰੇ ਅਮਰੀਕਨਾਂ ਲਈ 12 ਹਫ਼ਤਿਆਂ ਲਈ ਪੇਡ ਮੈਡੀਕਲ ਛੁੱਟੀ ਅਤੇ ਲੱਖਾਂ ਅਮਰੀਕਨਾਂ ਦੀਆਂ ਜੇਬਾਂ ਵਿਚ ਸਿੱਧਾ ਪੈਸਾ ਪਾਉਣ ਦੀ ਲੋੜ ਮਹਿਸੂਸ ਕੀਤੀ ਗਈ ਹੈ। ਇਸ ਲਈ ਟੈਕਸ ਵਸੂਲੀ ਸਹੀ ਤਰੀਕੇ ਨਾਲ ਕਰਨ ਦੀ ਲੋੜ ਪਵੇਗੀ। ਕਈ ਅਰਥ ਸ਼ਾਸਤਰੀਆਂ ਨੇ ਇਸ ਉੱਤੇ ਸਵਾਲ ਵੀ ਉਠਾਏ ਹਨ ਕਿ ਪੈਸਾ ਕਿੱਥੋਂ ਆਵੇਗਾ? ਰਾਸ਼ਟਰਪਤੀ ਨੇ ਇਸ ਵਾਸਤੇ ਅਮੀਰ ਘਰਾਣਿਆਂ ਨੂੰ ਯੋਗਦਾਨ ਦੇਣ ਲਈ ਤਿਆਰ ਰਹਿਣ ਵਾਸਤੇ ਕਿਹਾ ਹੈ। ਉਧਰ, ਮੋਦੀ ਸਰਕਾਰ ਨੇ ਮਗਨਰੇਗਾ ਦਾ ਬਜਟ ਘਟਾ ਦਿੱਤਾ ਹੈ ਜਦਕਿ ਸ਼ਹਿਰਾਂ ਵਿਚ ਵੀ ਮਗਨਰੇਗਾ ਵਰਗੀ ਰੁਜ਼ਗਾਰ ਯੋਜਨਾ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਰੁਜ਼ਗਾਰ ਪੈਦਾ ਕਰਨ ਤੋਂ ਸਰਕਾਰ ਭੱਜ ਨਹੀਂ ਸਕਦੀ। ਸਿਹਤ ਅਤੇ ਸਿੱਖਿਆ ਤਾਂ ਸਰਕਾਰਾਂ ਦੀ ਲਾਜ਼ਮੀ ਜ਼ਿੰਮੇਵਾਰੀ ਹੈ। ਗ਼ਰੀਬਾਂ ਦੀ ਸਿੱਧੀ ਆਰਥਿਕ ਸਹਾਇਤਾ ਕਰਨ ਦੀ ਰਾਇ ਦੇਸ਼ ਦੇ ਬਹੁਤ ਸਾਰੇ ਅਰਥ ਸ਼ਾਸਤਰੀ ਦਿੰਦੇ ਰਹੇ ਹਨ ਕਿਉਂਕਿ ਇਸ ਤੋਂ ਬਿਨਾਂ ਮੰਗ ਪੈਦਾ ਨਹੀਂ ਹੋਣੀ, ਮੰਗ ਪੈਦਾ ਹੋਏ ਬਿਨਾਂ ਕਾਰੋਬਾਰ ਨਹੀਂ ਚੱਲ ਸਕਦੇ ਅਤੇ ਨਵਾਂ ਰੁਜ਼ਗਾਰ ਵੀ ਪੈਦਾ ਨਹੀਂ ਹੋ ਸਕਣਾ। ਫਿਲਹਾਲ, ਸਰਕਾਰ ਨੇ ਇਸ ਪਾਸੇ ਮਨ ਬਣਾਉਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ।

**ਹਮੀਰ ਸਿੰਘ**

# ਭੱਜ ਭੱਜ ਕੇ ਵੱਖੀਆਂ ਚੜ੍ਹ ਗਈਆਂ

ਉਦੋਂ ਹੌਲੀ ਜਿਹੀ ਉਮਰ ਦਾ ਸਾਂ ਮੈਂ, ਜਦੋਂ ਆਪਣੀ ਮਾਂ ਨਾਲ ਗੁੱਸੇ ਹੋ ਕੇ ਘਰੋਂ ਚਲਾ ਗਿਆ। ਜਾਣਾ ਕਿੱਥੇ ਸੀ, ਦਸ ਬਾਰਾਂ ਕੋਹ ਦੀ ਵਿਥ 'ਤੇ ਰਹਿੰਦੀ ਭੂਆ ਦੇ ਪਿੰਡ ਜਾ ਵੜਿਆ ਸਾਂ। ਆਪਣੇ ਹਾਣੀ ਭੂਆ ਦੇ ਧੀਆਂ ਪੁੱਤਰਾਂ 'ਚ ਹੱਸਦਿਆਂ ਖੇਡਦਿਆਂ ਦੋ ਤਿੰਨ ਦਿਨ ਤਾਂ ਤੀਆਂ ਵਾਂਗ ਗੁਜ਼ਰੇ। ਮੁੜ ਚਿੰਤਾ ਸਤਾਉਣ ਲੱਗੀ ਕਿ ਮਗਰ ਭਾਪਾ ਆਏਗਾ ਸਾਈਕਲ ਦੀ ਘੰਟੀ ਵਜਾਉਂਦਾ। ਗੁੱਸਾ ਕਰੇਗਾ। ਭੂਆ ਦੇ ਨਿਆਣਿਆਂ ਸਾਹਮਣੇ ਹੇਠੀ ਹੋਵੇਗੀ। ਮੈਂ ਤੀਜੇ ਕੁ ਦਿਨ ਭੂਆ ਦੇ ਪੈਰੀਂ ਹੱਥ ਲਾਏ ਤੇ ਕਿਹਾ, ''ਚੰਗਾ ਭੂਆ ਮੈਂ ਚਲਦੈਂ ਹੁਣ।'' ਅੱਗਿਉਂ ਭੂਆ ਕਹਿੰਦੀ, ''ਚੰਗਾ ਪੁੱਤ ਜਿਉਂਦਾ ਰਹਿ। ਠੰਢੇ-ਠੰਢੇ ਜਾ ਫਿਰ। ਮੁੜ ਧੁੱਪ ਨਿਕਲ ਆਊ, ਤਿੱਖੀ ਤੇ ਤੇਜ਼। ਆਪਣੀ ਬੀਬੀ ਨੂੰ ਕਹੀਂ ਕਦੇ ਮਿਲ-ਗਿਲ ਜਾਏ।''

ਮੈਂ ਅਣਮੰਨੇ ਜਿਹੇ ਮਨ ਨਾਲ ਇੱਕ ਤਣੀ ਵਾਲਾ ਝੋਲਾ ਮੋਢੇ ਲਮਕਾਇਆ। ਭੂਆ ਮੈਨੂੰ ਟਾਂਗਿਆਂ ਦੇ ਅੱਡੇ ਤਕ ਤੋਰਨ ਆਈ। ਟਾਂਗੇ ਨੇ ਮੈਨੂੰ ਜਰਨੈਲੀ ਸੜਕ 'ਤੇ ਜਾ ਲਾਹਿਆ। ਜਿੱਥੋਂ ਮੈਂ ਬਗੈਰ ਸੋਚਿਆਂ ਸਮਝਿਆਂ ਬੱਸ 'ਚ ਬੈਠ ਕੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਜਾ ਪਹੁੰਚਿਆ। ਮੈਂ ਦੇਖਿਆ ਸਾਹਮਣੇ ਅੱਠ ਦਸ ਜਣੇ ਪਾਲ ਬੰਨ੍ਹ ਕੇ ਟਿਕਟ ਲੈਣ ਲਈ ਬਾਰੀ ਅੱਗੇ ਖੜ੍ਹੇ ਸੀ। ਮੈਂ ਵੀ ਉਨ੍ਹਾਂ ਪਿੱਛੇ ਜਾ ਖਲੋਤਾ। ਮੇਰੇ ਤੋਂ ਅਗਲੇ ਦੀ ਵਾਰੀ ਆਈ। ਉਹਨੇ ਦਿੱਲੀ ਦੀ ਟਿਕਟ ਮੰਗੀ। ਮੈਂ ਵੀ ਉਹਦੇ ਪਿੱਛੇ 'ਇੱਕ ਦਿੱਲੀ' ਕਹਿੰਦਿਆਂ ਪੈਸਿਆਂ ਵਾਲਾ ਹੱਥ ਟਿਕਟ ਖਿੜਕੀ ਰਾਹੀਂ ਸਾਹਮਣੇ ਬੈਠੇ ਬਾਬੂ ਵੱਲ ਵਧਾਇਆ। ਉਸ ਨੇ ਗੱਤੇ ਦੀ ਟਿਕਟ ਦਿੱਤੀ ਨਾਲ ਬਚਦੇ ਪੈਸੇ ਵੀ। ਮੇਰੇ ਪੁੱਛਣ 'ਤੇ ਉਸ ਨੇ ਗੱਡੀ ਚੱਲਣ ਦਾ ਵੇਲਾ ਵੀ ਦੱਸ ਦਿੱਤਾ ਸੀ। ਗੱਡੀ ਪਲੇਟਫਾਰਮ 'ਤੇ ਆਈ ਨਹੀਂ ਸੀ। ਮੈਂ ਮੁਸਾਫ਼ਰਖਾਨੇ 'ਚ ਡਿੱਠੀ ਕੁਰਸੀ 'ਤੇ ਜਾ ਬੈਠਾ। ਮੈਂ ਆਪਣੇ ਕੋਲ ਵਾਲੇ ਝੋਲੇ 'ਚ ਇੱਕ ਲਕੀਰੀ ਕਾਪੀ ਕੱਢੀ ਤੇ ਸੂਈਆਂ ਲਾਗਿਉਂ ਜੁੜਵਾਂ ਵਰਕਾ ਕੱਢ ਕੇ ਭੂਆ ਨੂੰ ਚਿੱਠੀ ਲਿਖਣ ਲੱਗ ਪਿਆ। ਮੈਂ ਤਾਜ਼ੀਆਂ ਵੇਖੀਆਂ ਫਿਲਮਾਂ ਦੇ ਸੰਵਾਦ ਸੋਚ ਸੋਚ ਕੇ ਲਿਖੇ ਤਾਂ ਜੋ ਚਿੱਠੀ ਨੂੰ ਵੱਧ ਤੋਂ ਵੱਧ ਭਾਵੁਕ ਬਣਾਇਆ ਜਾ ਸਕੇ। ਚਿੱਠੀ ਖ਼ਤਮ ਕਰਦਿਆਂ ਲਿਖਿਆ ਕਿ 'ਭੂਆ ਤੇਰੇ ਘਰ ਦੇ ਵਿਹੜੇ ਦੀ ਠੰਢੀ ਤੇ ਮਿੱਠੀ ਛਾਂ ਹੇਠ ਮਾਣੇ ਇਨ੍ਹਾਂ ਦਿਨਾਂ ਲਈ ਸ਼ੁਕਰੀਆ।'

ਇਸੇ ਤਰ੍ਹਾਂ ਦੀ ਇੱਕ ਹੋਰ ਚਿੱਠੀ ਮੈਂ ਆਪਣੇ ਪਿੰਡ ਵਾਸਤੇ ਲਿਖ ਦਿੱਤੀ ਜਿਸ ਵਿੱਚ ਛੋਟੇ ਭਰਾਵਾਂ ਨੂੰ ਵੇਲੇ ਸਿਰ ਸਕੂਲ ਜਾਣ ਤੇ ਘਰ ਦਾ ਕੰਮਕਾਰ ਵੇਖਣ ਲਈ ਉਚੇਚੇ ਤੌਰ 'ਤੇ ਕਿਹਾ। ਦੋਵੇਂ ਬੇਰੰਗ ਚਿੱਠੀਆਂ ਤਹਿ ਕਰ ਕੇ ਲੈਟਰ ਬਾਕਸ 'ਚ ਸੁੱਟੀਆਂ ਤੇ ਆਪ ਚਾਰ ਨੰਬਰ ਪਲੇਟਫਾਰਮ 'ਤੇ ਲੱਗੀ ਗੱਡੀ ਦੇ ਚਾਲੂ ਡੱਬੇ 'ਚ ਜਾ ਵੜਿਆ ਸਾਂ। ਮੇਰੇ ਅੰਦਰ ਆਉਣ ਤਕ ਸਵਾਰੀਆਂ ਲਗਭਗ ਸੀਟਾਂ ਮੱਲ ਚੁੱਕੀਆਂ ਸਨ ਤੇ ਮੈਂ ਸੰਗਦੇ ਮਾਰੇ ਨੇ ਕਿਸੇ ਨੂੰ ਥੋੜ੍ਹਾ ਨਾਲ ਹੋ ਜਾਣ ਲਈ ਵੀ ਨਹੀਂ ਸੀ ਕਿਹਾ। ਰਾਤ ਭਰ ਬਾਕੀ ਸਵਾਰੀਆਂ ਨਾਲ ਨੱਕੋ ਨੱਕ ਭਰੇ ਡੱਬੇ 'ਚ ਭੁੰਜੇ ਬੈਠ ਕੇ ਹੁੰਗਲਾਉਂਦਾ ਹੋਇਆ ਦਿੱਲੀ ਪਹੁੰਚਿਆ ਸਾਂ। ਗਲ ਪਾਏ ਲੀੜੇ ਪਸੀਨੇ ਅਤੇ ਮਿੱਟੀ ਘੱਟੇ ਨਾਲ ਚਿੱਕੜ ਵਰਗੇ ਹੋ ਗਏ ਸਨ। ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਦੀਆਂ ਪੌੜੀਆਂ 'ਤੇ ਚੜ੍ਹਦੀ ਉਤਰਦੀ ਬੇਤਹਾਸ਼ਾ ਭੀੜ ਦੇ ਹੜ੍ਹ 'ਚ ਘਬਰਾਇਆ ਤੇ ਗਵਾਚਿਆ ਜਿਹਾ ਮਹਿਸੂਸ ਕਰ ਰਿਹਾ ਸਾਂ। ਇਉਂ ਲੱਗਦਾ ਸੀ ਇਹ ਭੀੜ ਦਾ ਹੜ੍ਹ ਮੈਨੂੰ ਰੋੜ੍ਹ ਕੇ ਕਿਤੇ ਦਾ ਕਿਤੇ ਲੈ ਜਾਵੇਗਾ। ਇੱਕ ਸਰਦਾਰ ਜੀ ਦੀ ਮਦਦ ਨਾਲ ਮੈਂ ਜਨਤਾ ਕਲੋਨੀ ਰਹਿੰਦੇ ਆਪਣੇ ਮਾਮੇ ਦਾ ਘਰ ਲੱਭਣ 'ਚ ਕਾਮਯਾਬ ਹੋ ਗਿਆ ਸਾਂ ਜਿਹੜਾ ਆਪ ਛੋਟੇ ਜਿਹੇ ਕਮਰੇ 'ਚ ਆਪਣੇ ਪਰਿਵਾਰ ਦੇ ਚਹੁੰ ਜੀਆਂ ਨਾਲ ਤੰਗੀ ਤੁਰਸ਼ੀ ਦੇ ਦਿਨ ਕੱਟ ਰਿਹਾ ਸੀ। ਮੈਂ ਪਹੁੰਚ ਤਾਂ ਗਿਆ ਸਾਂ, ਪਰ ਘਰ ਦੇ ਜੀਆਂ ਦਾ ਉਦਰੇਵਾਂ, ਦੂਜਾ ਪਹੁੰਚਣ ਤਕ ਦੀ ਅਵਾਜ਼ਾਰੀ ਤੇ ਤੀਜਾ ਪਿੰਡ ਅਤੇ ਦਿੱਲੀ ਵਰਗੇ ਮਹਾਂਨਗਰ ਦੇ ਜ਼ਮੀਨ ਆਸਮਾਨ ਵਿਚਲੇ ਫਾਸਲੇ ਨੇ ਮੈਨੂੰ ਉੱਥੇ ਦੋ ਦਿਨ ਤੋਂ ਵੱਧ ਟਿਕਣ ਨਾ ਦਿੱਤਾ। ਇਸ ਕਰਕੇ ਮੈਂ ਪਿੰਡ ਪਰਤ ਜਾਣ ਦਾ ਫ਼ੈਸਲਾ ਮਨ ਹੀ ਮਨ ਕਰ ਲਿਆ ਸੀ। ਮਾਮੀ ਨੇ ਲੀੜੇ ਧੋ ਕੇ ਪ੍ਰੈੱਸ ਵੀ ਕਰ ਦਿੱਤੇ ਸਨ। ਨਾ ਹੀ ਉਨ੍ਹਾਂ ਕੋਈ ਰੁਕਣ ਦਾ ਬਹੁਤਾ ਜ਼ੋਰ ਪਾਇਆ ਤੇ ਨਾ ਹੀ ਮੇਰਾ ਮਨ ਟਿਕਣ ਨੂੰ ਕਰਦਾ ਸੀ। ਸਫ਼ਰ ਦੀਆਂ ਦੁਸ਼ਵਾਰੀਆਂ ਨਾਲ ਦੋ ਚਾਰ ਹੁੰਦਾ ਮੈਂ ਵਾਪਸ ਆਣ ਮੁੜਿਆ ਸਾਂ।




ਜਿਹੜੀ ਚਿੱਠੀ ਤੁਰਨ ਵੇਲੇ ਭੂਆ ਨੂੰ ਲਿਖੀ ਸੀ ਉਹਨੂੰ ਪਹਿਲਾਂ ਮਿਲ ਗਈ ਸੀ ਤੇ ਚਿੱਠੀ ਲੈ ਕੇ ਉਹ ਮੇਰੇ ਪਹੁੰਚਣ ਤੋਂ ਪਹਿਲਾਂ ਹੀ ਪਿੰਡ ਜਾ ਪਹੁੰਚੀ ਸੀ। ਸਫ਼ਰ ਦਾ ਹਾਰਿਆ ਹੰਭਿਆ ਤੇ ਭੁੱਖਾ ਤ੍ਰਿਹਾਇਆ ਮੈਂ ਵੀ ਦੁਪਹਿਰ ਢਲੇ ਲੱਤਾਂ ਧੂੰਹਦਾ ਪਿੰਡ ਆਣ ਅੱਪੜਿਆ ਸਾਂ। ਪਿੰਡ 'ਚ ਬਗੈਰ ਕਿਸੇ ਨਾਲ ਅੱਖ ਮਿਲਾਇਆਂ ਮੈਂ ਆਪਣੇ ਘਰ ਦੇ ਅੱਧ ਢੁਕੇ ਦਰਵਾਜ਼ੇ ਨੂੰ ਖੋਲ੍ਹ ਕੇ ਅੰਦਰ ਲੰਘਿਆ ਤਾਂ ਸਾਹਮਣੇ ਵਾਣ ਵਾਲੇ ਮੰਜੇ 'ਤੇ ਬੈਠੀ ਦਾਦੀ ਨੇ ਵੇਖਦਿਆਂ ਸਾਰ ਦੋਵੇਂ ਹੱਥ ਜੋੜ ਕੇ ਨੀਲੇ ਅੰਬਰਾਂ ਵੱਲ ਸਿਰ ਝੁਕਾਉਂਦਿਆਂ ਰੱਬ ਦਾ ਸ਼ੁਕਰ ਮਨਾਇਆ ਸੀ। ਮੈਂ ਵੀ ਬਾਕੀ ਜੀਆਂ ਦੇ ਗੁਜ਼ਾਰੇ ਯੋਗ ਦੁਆ ਸਲਾਮ ਕਰ ਕੇ ਦਾਦੀ ਲਾਗੇ ਬਹਿਣਾ ਹੀ ਬਿਹਤਰ ਸਮਝਿਆ ਸੀ। ਮਾਂ ਪਾਣੀ ਦਾ ਗਲਾਸ ਲਿਆਈ। ਮੈਨੂੰ ਬੈਠੇ ਨੂੰ ਗਲ ਲਾ ਲਿਆ। ਉਪਰ ਲਏ ਲੀੜੇ ਦਾ ਪੱਲਾ ਪੋਲਾ-ਪੋਲਾ ਮੇਰੇ ਮੱਥੇ 'ਤੇ ਫੇਰਿਆ। ਘਰ ਵਿਚਲਾ ਚਿੰਤਾ ਵਾਲਾ ਮਾਹੌਲ ਹੁਣ ਬਦਲ ਚੁੱਕਾ ਸੀ। ਘਰ ਦੇ ਸਾਰੇ ਜੀਅ ਚਹਿਕ ਉੱਠੇ ਸਨ। ਆਂਢ-ਗੁਆਂਢ ਰਹਿੰਦੀਆਂ ਚਾਚੀਆਂ-ਤਾਈਆਂ ਤੇ ਹੋਰ ਨਿੱਕੇ ਵੱਡੇ ਨਿਆਣਿਆਂ ਕਰਕੇ ਵਿਹੜੇ 'ਚ ਵਾਹਵਾ ਰੌਣਕ ਲੱਗ ਗਈ ਸੀ। ਹੁਣ ਬੀਬੀ ਬੜਾ ਹੁੱਬ-ਹੁੱਬ ਕੇ ਘਰ ਆਇਆਂ ਨੂੰ ਦੱਸ ਰਹੀ ਸੀ ਕਿ 'ਦਿੱਲੀ ਰਹਿੰਦੇ ਆਪਣੇ ਮਾਮੀ-ਮਾਮੇ ਨੂੰ ਮਿਲਣ ਚਲਾ ਗਿਆ ਸੀ। ਉੱਥੇ ਦੋ-ਦੋ ਛੱਤਾਂ ਵਾਲੀਆਂ ਬੱਸਾਂ 'ਤੇ ਝੂਟੇ ਲੈ ਕੇ ਆਇਆ ਅਗਲਾ।' ਇਸ ਗਹਿਮਾ-ਗਹਿਮੀ ਨੂੰ ਕਿਤੇ ਪੰਦਰਾਂ-ਵੀਹ ਮਿੰਟ ਹੀ ਗੁਜ਼ਰੇ ਹੋਣਗੇ ਕਿ ਬਾਹਰਲੇ ਦਰਵਾਜ਼ੇ ਨੂੰ ਖੜਕਾਉਂਦਿਆਂ ਡਾਕੀਏ ਨੇ ਦੋ ਪੈਰ ਹੋਰ ਅਗਾਂਹ ਪੁੱਟਦਿਆਂ ਬੇਰੰਗ ਚਿੱਠੀ ਬਾਰੇ ਆਵਾਜ਼ ਦਿੱਤੀ ਸੀ। ਦਾਦੀ ਨੇ ਫਿਰ ਚਿੰਤਾ ਜਤਾਉਂਦਿਆਂ ਕਿਹਾ, ''ਫੜੋ ਨੀ, ਚਿੱਠੀ ਰਸੈਣ ਹੁਣ ਫਿਰ ਬੇਰੰਗ ਖ਼ਤ ਕੀਹਦਾ ਲੈ ਕੇ ਆ ਗਿਆ।'' ਮੇਰਾ ਬੈਠੇ ਬੈਠੇ ਦਾ ਮੱਥਾ ਠਣਕਿਆ। ਜੀਅ ਕੀਤਾ ਭੱਜ ਕੇ ਜਾ ਕੇ ਡਾਕੀਏ ਕੋਲੋਂ ਚਿੱਠੀ ਜਾ ਫੜ੍ਹਾਂ। ਪਰ ਮੇਰੇ ਉੱਠਣ ਤੋਂ ਪਹਿਲਾਂ ਹੀ ਛੋਟੇ ਭਰਾਵਾਂ ਨੇ ਚਿੱਠੀ ਜਾ ਫੜੀ ਸੀ ਤੇ ਕਾਹਲੀ ਨਾਲ ਖੋਲ੍ਹ ਕੇ ਵੇਖਦਿਆਂ ਸਾਰ ਸਮਝ ਗਏ ਸਨ ਕਿ ਚਿੱਠੀ ਕਿਸ ਦੀ ਹੈ। ਕਿਉਂਕਿ ਭੂਆ ਵਾਲੀ ਚਿੱਠੀ ਉਨ੍ਹਾਂ ਨੇ ਹੀ ਘਰ ਦੇ ਬਾਕੀ ਜੀਆਂ ਨੂੰ ਕਈ ਵਾਰੀ ਪੜ੍ਹ ਕੇ ਸੁਣਾਈ ਸੀ ਜਿਸ ਨੂੰ ਸੁਣ ਕੇ ਸਾਰੇ ਜੀਅ ਕਈ ਵਾਰੀ ਭਾਵੁਕ ਹੋਏ ਸਨ। ਪਰ ਹੁਣ ਆਈ ਚਿੱਠੀ ਦੇ ਅਰਥ ਹੀ ਹੋਰ ਦੇ ਹੋਰ ਹੋ ਗਏ ਸਨ। ਛੋਟੇ ਚਿੱਠੀ ਲੈ ਕੇ ਸੁਫੇ ਦੀ ਛੱਤ 'ਤੇ ਜਾ ਚੜ੍ਹੇ ਸਨ ਤੇ ਮਗਰੇ ਮਗਰ ਗਲੀ ਗੁਆਂਢ ਦੇ ਬਾਕੀ ਨਿਆਣੇ ਵੀ। ਬਨੇਰੇ ਤੋਂ ਵਿਹੜੇ ਵੱਲ ਲੱਤਾਂ ਲਮਕਾ ਕੇ ਬੈਠਦਿਆਂ ਛੋਟੇ ਵਾਰੋ ਵਾਰੀ ਚਿੱਠੀ ਦੀ 'ਕੱਲੀ-'ਕੱਲੀ ਸਤਰ ਪੜ੍ਹਦੇ ਤੇ ਬਾਕੀ ਜੀਆਂ ਨਾਲ ਰਲ ਕੇ ਖਿੜ-ਖਿੜ ਹੱਸਦੇ। ਮੈਂ ਸ਼ਰਮਿੰਦਗੀ ਅਤੇ ਸੰਗਦੇ ਮਾਰੇ ਨੇ ਸਿਰ ਗੋਡਿਆਂ 'ਚ ਦੇ ਰੱਖਿਆ ਸੀ। ਮੇਰੇ ਵਿੱਚ ਮੂੰਹ ਉਪਰ ਚੁੱਕਣ ਦੀ ਹਿੰਮਤ ਨਹੀਂ ਸੀ ਪੈ ਰਹੀ। ਪਤਾ ਨਹੀਂ ਕਦੋਂ ਬੀਬੀ ਨੇ ਆਪ ਜਾ ਕੇ ਉਨ੍ਹਾਂ ਹੱਥੋਂ ਚਿੱਠੀ ਖੋਹੀ ਸੀ ਤੇ ਪਾੜ ਕੇ ਪਰ੍ਹਾਂ ਵਗਾਹ ਮਾਰੀ ਸੀ।

ਅੱਜ ਉਨ੍ਹਾਂ ਛੋਟੇ ਭਰਾਵਾਂ ਦੇ ਬੱਚੇ ਵੀ ਉਨ੍ਹਾਂ ਦੀ ਉਸ ਉਮਰ ਨਾਲੋਂ ਕਿਤੇ ਸਿਆਣੇ ਹੋ ਗਏ ਹਨ। ਅਕੇਵੇਂ ਅਤੇ ਥਕੇਵੇਂ ਵਾਲੀ ਨੱਠ-ਭੱਜ ਤੋਂ ਬਾਅਦ ਜਦ ਕਦੇ ਮੈਂ ਆਪਣੇ ਪਿੰਡ ਵਾਲੇ ਘਰ ਗੇੜਾ ਮਾਰਨ ਜਾਂਦਾ ਹਾਂ ਤਾਂ ਵਿਹੜੇ 'ਚ ਲੱਗੇ ਤੂਤ ਦੀ ਸੰਘਣੀ ਛਾਂ ਧੁਰ ਅੰਦਰ ਤੀਕ ਠੰਢਕ ਪੰਚਾਉਂਦੀ ਹੈ ਜਿਸ ਹੇਠ ਬੈਠੀ ਮਾਂ ਗਲ ਲਾਉਂਦੀ ਸੀ। ਆਪਣੇ ਬੁੱਢੇ ਹੱਥਾਂ ਨਾਲ ਸਿਰ 'ਤੇ ਪਿਆਰ ਦਿੰਦੀ ਸੀ ਤਾਂ ਥਕੇਵਾਂ ਵੀ ਲਹਿ ਜਾਂਦਾ ਸੀ ਅਤੇ ਮਨ ਅੰਦਰਲੀ ਭਟਕਣਾ ਨੂੰ ਵੀ ਕੋਈ ਰੱਬੀ ਸ਼ਾਂਤੀ ਮਿਲਦੀ ਸੀ। ਮੈਂ ਸੋਚਦਾ ਹਾਂ ਮਨੁੱਖ ਕਿੰਨਾ ਵੀ ਦੂਰ ਭੱਜ ਲਏ, ਸੀਨੇ ਠੰਢ ਪਾਉਣ ਵਾਲੀ ਸ਼ਾਂਤੀ ਮਾਂ ਦੀ ਗੋਦੀ ਤੋਂ ਬਿਨਾ ਕਿਤੇ ਨਹੀਂ ਲੱਭਦੀ। ਬੋਹੜ ਦੇ ਰੁੱਖਾਂ ਵਰਗੀ ਸੰਘਣੀ ਮਾਪਿਆਂ ਦੀ ਛਾਂ ਕਿਤੇ ਅਜਾਈਂ ਨਾ ਚਲੀ ਜਾਏ, ਸਾਨੂੰ ਵੇਲੇ ਸਿਰ ਜਾਗ ਜਾਣਾ ਚਾਹੀਦਾ।

**ਦੀਪ ਦੇਵਿੰਦਰ ਸਿੰਘ**
**ਸੰਪਰਕ: 98721-65707**

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਕਾਰੋਨਾ ਮਹਾਂਮਾਰੀ ਸਮੇ ਦੋਰਾਨ ਹਰ ਵਰਗ ਦੇ ਹਰੇਕ ਤਰ੍ਹਾਂ ਦੇ ਟੈਕਸ ਮੁਆਫ਼ ਕਰੇ ਪੰਜਾਬ ਸਰਕਾਰ :-ਨਵਨੀਤ ਕੁਮਾਰ ਗੋਰਾ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਬਿਜਲੀ ਬਿੱਲ ਪ੍ਰਾਪਰਟੀ ਟੈਕਸ ਹਾਊਸ ਟੈਕਸ ਪੰਜਾਬ ਸਰਕਾਰ ਨੂੰ ਹਰ ਵਰਗ ਦਾ ਮਾਫ਼ ਕਰਨਾ ਚਾਹੀਦਾ ਹੈ ਇਸ ਗੱਲ ਦਾ ਪ੍ਰਗਟਾਵਾ ਨਵਨੀਤ ਕੁਮਾਰ ਗੋਰਾ ਸਾਬਕਾ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਫ਼ਿਰੋਜ਼ਪੁਰ ਨੇ ਕੀਤਾ ਹੈ ਨਵਨੀਤ ਕੁਮਾਰ ਗੋਰਾ ਨੇ ਕਿਹਾ ਕਿ ਕੋਰੋਨਾ ਮਹਾਂਮਾਰੀ ਨੇ ਸਾਰੇ ਦੇਸ਼ ਵਿੱਚ ਭਿਅੰਕਰ ਰੂਪ ਧਾਰਨ ਕੀਤਾ ਹੋਇਆ ਹੈ ਅਤੇ ਇਸ ਕੋਰੋਨਾ ਮਹਾਮਾਰੀ ਕਾਰਨ ਪੰਜਾਬ ਵਿੱਚ ਲੋਕਾਂ ਦਾ ਹਾਲ ਬੇਹਾਲ ਹੈ ਅਤੇ ਉਹ ਆਰਥਿਕ ਤੌਰ ਅਤੇ ਮਾਨਸਿਕ ਤੌਰ ਤੇ ਬੁਰੀ ਤਰ੍ਹਾਂ ਟੁੱਟ ਚੁੱਕੇ ਹਨ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਨੂੰ ਆਰਥਿਕ ਤੌਰ ਤੇ ਅਤੇ ਮਾਨਸਿਕ ਤੌਰ ਤੇ ਇਸ ਜਾਲ ਚੋਂ ਕੱਢਣ ਲਈ ਉਨ੍ਹਾਂ ਬਿਜਲੀ ਬਿੱਲ ਪ੍ਰਾਪਰਟੀ ਟੈਕਸ ਹਾਊਸ ਟੈਕਸ ਪੂਰੀ ਤਰ੍ਹਾਂ ਮੁਆਫ਼ ਕਰਨਾ ਚਾਹੀਦਾ ਹੈ ਜੋ ਕਿ ਸਮੇਂ ਦੀ ਜ਼ਰੂਰਤ ਹੈ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਕੋਰੋਨਾ ਮਹਾਂਮਾਰੀ ਦੇ ਡਰ ਕਾਰਨ ਘਰ ਵਿੱਚ ਬੈਠੇ ਹਨ ਅਤੇ ਉਨ੍ਹਾਂ ਦੇ ਕੰਮ ਧੰਦੇ ਅਤੇ ਪ੍ਰਾਈਵੇਟ ਨੌਕਰੀਆਂ ਪੂਰੀ ਤਰ੍ਹਾਂ ਬੰਦ ਹਨ। ਜਿਸ ਕਾਰਨ ਉਹ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ ਉਨ੍ਹਾਂ ਨੇ ਕਿਹਾ ਕਿ ਸਮੇਂ ਦੀ ਨਿਜਾਤ ਨਜ਼ਾਕਤ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੂੰ ਅੱਗੇ ਵਧ ਕੇ ਇਨ੍ਹਾਂ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਅਤੇ ਪੰਜਾਬ ਸਰਕਾਰ ਨੂੰ ਇਨ੍ਹਾਂ ਲੋਕਾਂ ਨੂੰ ਆਰਥਿਕ ਮੰਦੀ ਚੋਂ ਕੱਢਣ ਲਈ ਨਵੀਆਂ ਸਕੀਮਾਂ ਦਾ ਐਲਾਨ ਕਰਨਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਲੋਕਾਂ ਅਤੇ ਇਨ੍ਹਾਂ ਪਰਿਵਾਰਾਂ ਦੀ ਫਾਈਨੈਂਸ਼ੀਅਲ ਮਦਦ ਹੋ ਸਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਲੋਕਾਂ ਦੇ ਇਸ ਮਾੜੇ ਸਮੇਂ ਵਿੱਚ ਉਨ੍ਹਾਂ ਦੀਆਂ ਉਮੀਦਾਂ ਤੇ ਖਰਾ ਉਤਰਨਾ ਚਾਹੀਦਾ ਹੈ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿੱਚ ਹਰ ਵਰਗ ਦੇ ਲੋਕ ਆਪਣੇ ਪਰਿਵਾਰਕ ਜੀਆਂ ਨੂੰ ਕਰੋਨਾ ਮਹਾਂਮਾਰੀ ਕਾਰਨ ਖੋ ਚੁੱਕੇ ਹਨ ਅਤੇ ਪੈਸਿਆਂ ਦੀ ਕਿੱਲਤ ਤੋਂ ਪ੍ਰੇਸ਼ਾਨ ਹਨ ਇਨ੍ਹਾਂ ਟੈਕਸਾਂ ਤੋਂ ਰਾਹਤ ਦੇ ਕੇ ਪੰਜਾਬ ਸਰਕਾਰ ਆਮ ਵਰਗ ਨੂੰ ਰਾਹਤ ਦੇ ਸਕਦੀ ਹੈ ਜੋ ਕਿ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਰ ਵਰਗ ਦੇ ਲੋਕਾਂ ਲਈ ਉਨ੍ਹਾਂ ਦੇ ਨਾਲ ਚੱਟਾਨ ਵਾਂਗ ਖੜ੍ਹਾ ਹੈ ਅਤੇ ਉਨ੍ਹਾਂ ਦੇ ਮਸਲੇ ਪੰਜਾਬ ਸਰਕਾਰ ਅੱਗੇ ਹਮੇਸ਼ਾਂ ਪੂਰੇ ਕਰਨ ਲਈ ਰੱਖਦੀ ਰਹੇਗੀ ਅਤੇ ਜਦੋਂ ਤਕ ਇਹ ਮਸਲੇ ਪੰਜਾਬ ਸਰਕਾਰ ਪੂਰੇ ਨਹੀਂ ਕਰਦੀ ਸ਼੍ਰੋਮਣੀ ਅਕਾਲੀ ਦਲ ਪੰਜਾਬ ਸਰਕਾਰ ਖ਼ਿਲਾਫ਼ ਆਵਾਜ਼ ਉਠਾਉਂਦੀ ਰਹੇਗੀ।



# ਕੰਢੀ ਖੇਤਰ ਦੇ ਲੋਕਾਂ ਲਈ ਵੱਡੀ ਪ੍ਰਸ਼ਾਨੀ ਦਾ ਕਾਰਨ ਬਣਿਆ ਪੀਣ ਵਾਲਾ ਪਾਣੀ

**ਮੁਕੇਰੀਆਂ/ਹਾਜੀਪੁਰ (ਜਸਵੀਰ ਸਿੰਘ ਪੁਰੇਵਾਲ )** ਮੁਕੇਰੀਆਂ ਦੇ ਬਲਾਕ ਹਾਜੀਪੁਰ ਦੇ ਪਿੰਡ ਘਗਵਾਲ ਦੇ ਵਾਸੀ ਚਾਰ ਦਿਨ ਤੋਂ ਪਾਣੀ ਦੀ ਸੱਮਸਿਆ ਨਾਲ ਜੂਝ ਰਿਹੈ ਹਨ ਪਰ ਪ੍ਰਸ਼ਾਸਨ ਸ਼ਾਇਦ ਘੂਕ ਸੁੱਤਾ ਪਿਆ ਹੈ ।

ਕੁਝ ਦਿਨ ਪਹਿਲਾਂ ਹੀ ਇਸ ਪਿੰਡ ਦੇ ਨਾਲ ਲਗਦੇ ਪਿੰਡ ਸਵਾਰ ਵਿੱਚ ਪੀਣ ਵਾਲੇ ਪਾਣੀ ਦੀ ਸੱਮਸਿਆ ਨਾਲ ਪਿੰਡ ਵਾਸੀ 2 ਸਾਲ ਤੋਂ ਜੂਝ ਰਹੇ ਸਨ ਪਰ ਮੀਡੀਆ ਦੇ ਦਖ਼ਲ ਅਤੇ ਨਿਊਜ਼ ਚੈਨਲ ਅਤੇ ਅੱਖਬਾਰ ਦੀ ਸੁਰਖੀਆਂ ਬਣਨ ਤੋਂ ਬਾਅਦ ਪ੍ਰਸ਼ਾਸਨ ਹਰਕਤ ਵਿੱਚ ਆਉਂਦਾ ਹੈ ਤਾਂ ਪਿੰਡ ਵਾਸੀਆਂ ਦੀ ਸੱਮਸਿਆ ਦੂਰ ਕੀਤੀ ਜਾਂਦੀ ਹੈ। ਇਸ ਵਾਰ ਵੀ ਇਸ ਤਰ੍ਹਾਂ ਦਾ ਕੁਝ ਵੇਖਣ ਨੂੰ ਮਿਲ਼ਿਆ। ਪਿੰਡ ਘਗਵਾਲ ਦੇ ਵਾਸੀਆਂ ਵੱਲੋਂ ਅਤੇ ਪਿੰਡ ਦੇ ਨੌਜਵਾਨ ਆਗੂ ਵੱਲੋਂ ਜਲ ਵਿਭਾਗ ਦੇ ਖਿਲਾਫ਼ ਇਕ ਵੀਡੀਓ ਬਣਾ ਕੇ ਵਾਇਰਲ ਕੀਤੀ ਜਾਂਦੀ ਹੈ ਅਤੇ ਇਸ ਨੂੰ ਦੇਖ ਕੇ ਮੀਡੀਆ ਵੱਲੋਂ ਇਸ ਜਗ੍ਹਾ ਤੇ ਕਵਿਰਜ ਕੀਤੀ ਜਾਂਦੀ ਹੈ ਜਿਸ ਦੀ ਭਿਣਕ ਪ੍ਰਸ਼ਾਸਨ ਨੂੰ ਲੱਗਣ ਤੇ ਫੌਰੀ ਤੌਰ ਕਾਰਵਾਈ ਕੀਤੀ ਜਾਂਦੀ ਹੈ।

ਜਦੋਂ ਪੱਤਰਕਾਰਾਂ ਦੀ ਟੀਮ ਵੱਲੋਂ ਪਿੰਡ ਵਾਸੀਆਂ ਨਾਲ਼ ਗਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪਿੰਡ ਵਿੱਚ ਪਿਛਲੇ ਚਾਰ ਦਿਨਾਂ ਤੋਂ ਲਗਾਤਾਰ ਪਾਣੀ ਨਹੀਂ ਆ ਰਿਹਾ ਜਿਸ ਕਾਰਨ ਉਨ੍ਹਾਂ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਿੱਚ ਪਿੰਡ ਨੌਜਵਾਨ ਬੀ ਜੇ ਪੀ ਆਗੂ ਅਤੇ ਸਮਾਜ ਸੇਵੀ ਸ੍ਰੀ ਆਕਿੰਤ ਰਾਣਾ ਨੇ ਦੱਸਿਆ ਕਿ ਪਿੰਡ ਵਿੱਚ ਪੈਸੇ ਦੇ ਕੇ ਪਾਣੀ ਦੇ ਟੈਂਕਰ ਮੰਗਵਾਕੇ ਪਿੰਡ ਵਾਸੀਆਂ ਲਈ ਪਾਣੀ ਮੁਹੱਈਆ ਕਰਵਿਆ ਜਾ ਰਿਹਾ ਜਾ ਰਿਹਾ ਹੈ। ਜਦੋਂ ਇਸ ਮਾਮਲੇ ਵਿੱਚ ਵਿਭਾਗ ਦੇ ਜੇਈ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕਿਸੇ ਕਾਰਨਾਂ ਕਰਕੇ ਪਾਣੀ ਦੀ ਪਾਈਪ ਫ਼ਟ ਗਈ ਸੀ ਜਿਸ ਜਲਦੀ ਹੀ ਠੀਕ ਕਰ ਦਿੱਤਾ ਜਾਵੇਗਾ। ਇਸ ਮੌਕੇ ਸ੍ਰੀ ਆਕਿੰਤ ਰਾਣਾ, ਸਹਦੇਵ ਸਿੰਘ ਰਾਣਾ, ਮਹਿੰਦਰ ਪਾਲ ਸਿੰਘ, ਮਹਿੰਦਰ ਰਾਣਾ, ਰੀਤੂ, ਸੁਮਨ ਦੇਵੀ, ਰੇਖਾ ਰਾਣੀ, ਕਮਲੇਸ਼ ਕੁਮਾਰੀ, ਆਦਿ ਹਾਜ਼ਰ ਸਨ।



# ਪੁਲਿਸ ਨੇ ਕਰਤਾਰਪੁਰ ਸ਼ਹਿਰ ਵਿੱਚ ਫਲੈਗ ਮਾਰਚ ਕੱਢਿਆ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਕਰਤਾਰਪੁਰ ਪੁਲਿਸ ਨੇ ਡੀਐਸਪੀ ਸੁੱਖਪਾਲ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਕਰਤਾਰਪੁਰ ਸ਼ਹਿਰ ਵਿੱਚ ਫਲੈਗ ਮਾਰਚ ਕੱਢਿਆ।ਇਸ ਮੌਕੇ ਕਰਤਾਰਪੁਰ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਵੀ ਉਨ੍ਹਾਂ ਨਾਲ ਸੀ। ਪੁਲਿਸ ਨੇ ਬਜਾਰਾਂ ਵਿੱਚ ਘੁੰਮ ਕੇ ਦੇਖਿਆ ਲਾਕਡਾਊਨ ਦੋਰਾਨ ਕੋਈ ਦੁਕਾਨ ਤਾਂ ਨਹੀਂ ਖੁੱਲ੍ਹੀ ਅਤੇ ਆਉਂਦੇ ਜਾਂਦੇ ਰਾਹਗੀਰਾਂ ਨੂੰ ਘਰੋਂ ਬਾਹਰ ਆਉਣ ਦਾ ਕਾਰਨ ਵੀ ਪੁੱਛਿਆ ਅਤੇ ਬਗੈਰ ਕਿਸੇ ਕਾਰਣ ਘੁੰਮ ਰਹੇ ਲੋਕਾਂ ਨੂੰ ਚਿਤਾਵਨੀ ਦੇ ਕੇ ਛੱਡਿਆ ਗਿਆ।ਇਸ ਮੌਕੇ ਲੋਕਾਂ ਨੂੰ ਲਾਕਡਾਊਨ ਦੀ ਪਾਲਣਾ ਕਰਨ ਅਤੇ ਮਾਸਕ ਲਗਾਉਣ ਲਈ ਵੀ ਪ੍ਰੇਰਿਆ ਗਿਆ।



# ਪੰਜਾਬ ਵਿੱਚ ਜਾਇਦਾਦ ਖ਼ਰੀਦਣੀ ਹੋਰ ਮਹਿੰਗੀ ਹੋਈ

## ਰਜਿਸਟਰੀ ਖ਼ਰਚ ਉੱਤੇ ਵੀ ਲੱਗੇਗਾ ਜੀ ਐੱਸ ਟੀ

**ਚੰਡੀਗੜ੍ਹ।** ਕੋਰੋਨਾ ਮਹਾਮਾਰੀ ਕਾਰਨ ਮੰਦੀ ਦੀ ਮਾਰ ਝੱਲ ਰਹੇ ਪ੍ਰਾਪਰਟੀਕਾਰੋਬਾਰ ਉੱਤੇਪੰਜਾਬ ਵਿੱਚ ਅੱਗੇ ਤੋਂ ਜੀ ਐੱਸ ਟੀ ਵਾਲੀ ਨਵੀਂ ਮਾਰਪੈ ਗਈ ਹੈ, ਜਿਸ ਦੇ ਨਾਲ ਜਾਇਦਾਦ ਦੀ ਰਜਿਸਟਰੀ ਕਰਵਾਉਣ ਵੇਲੇ ਲੋਕਾਂ ਨੂੰ ਸੀ ਜੀ ਐੱਸ ਟੀ (ਸੈਂਟਰਲ ਜੀ ਐੱਸ ਟੀ) ਅਤੇ ਐੱਸ ਜੀ ਐੱਸ ਟੀ (ਸਟੇਟ ਜੀ ਐੱਸ ਟੀ) ਦੇ ਵਾਸਤੇ ਵੀ ਜੇਬ ਖਾਲੀ ਕਰਨੀ ਪਵੇਗੀ। ਇਹ ਵਿਵਸਥਾ12 ਮਈ ਤੋਂ ਲਾਗੂ ਕਰ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਜੀਐੱਸਟੀ ਦੀ ਇਹ ਦਰ ਪ੍ਰਾਪਰਟੀ ਦੀ ਰਜਿਸਟਰੀ ਕਰਨ ਵੇਲੇ ਲਾਗੂ ਕੀਤੇ ਜਾਂਦੇ ਸਰਵਿਸ ਚਾਰਜ ਉੱਤੇ ਲਾਈ ਗਈ ਹੈ। ਸੈਂਟਰਲ ਅਤੇ ਸਟੇਟ ਦੋਵੇਂ ਤਰ੍ਹਾਂ ਦੇ ਜੀ ਐੱਸ ਟੀ ਉੱਤੇ 9-9 ਫ਼ੀਸਦੀ ਹਿਸਾਬ ਨਾਲ ਹੋਰ ਪੈਸੇ ਦੇਣੇ ਪੈਣਗੇ ਤੇ ਪ੍ਰਾਪਰਟੀ ਦੀ ਰਜਿਸਟਰੀ ਕਰਨ ਲਈ ਪਹਿਲਾਂ ਅਪਾਇੰਟਮੈਂਟ ਲੈਣ ਦਾ ਪ੍ਰਬੰਧ ਲਾਗੂ ਹੋਣ ਹੋਣ ਪਿੱਛੋਂ ਹਰ ਤਰ੍ਹਾਂ ਦੇ ਸਰਕਾਰੀ ਖ਼ਰਚ ਦੇ ਬਾਅਦ ਸਰਵਿਸ ਚਾਰਜ ਲਿਆ ਜਾਵੇਗਾ। ਜਿੱਦਾਂ ਦੀਆਂ ਦਰਾਂ ਪ੍ਰਾਪਰਟੀ ਦੇ ਹਿਸਾਬ ਨਾਲ ਹੁੰਦੀਆਂ ਹਨ। ਅੱਗੋਂ ਇਸ ਸਰਵਿਸ ਚਾਰਜ ਉੱਤੇਜੀ ਐੱਸ ਟੀ ਦੇਣਾ ਪਵੇਗਾ। ਪ੍ਰਾਪਰਟੀ ਦੀ ਰਜਿਸਟਰੀ ਕਰਵਾਉਣ ਲਈ ਅੱਜਕਲ੍ਹ ਪਹਿਲਾਂ ਅਪਵਾਇੰਟਮੈਂਟ ਲਈ ਜਾਂਦੀ ਹੈ, ਜਿਸ ਵਿਚ ਔਰਤਾਂ ਲਈ ਚਾਰ ਫੀਸਦੀ ਤੇ ਮਰਦਾਂ ਲਈ ਛੇ ਫ਼ੀਸਦੀ ਸਟੈਂਪ ਡਿਊਟੀ ਭਰਨ ਦੇ ਨਾਲ 0.25 ਸਪੈਸ਼ਲ ਇੰਫ੍ਰਾਸਟਰਕਚਰ ਡਿਵੈਲਪਮੈਂਟ ਟੈਕਸ ਅਤੇ ਸਰਵਿਸ ਚਾਰਜ ਲਿਆ ਜਾਂਦਾ ਹੈ। ਇਸ ਉੱਤੇਅੱਗੇ ਤੋਂ ਦੋ ਕਿਸਮ ਦੇ ਜੀ ਐੱਸ ਟੀ ਲਾ ਦਿੱਤੇ ਗਏ ਹਨ।

ਬੀਤੇ ਜਨਵਰੀ ਵਿੱਚ ਪ੍ਰਾਪਰਟੀ ਦੀ ਰਜਿਸਟਰੀ ਉੱਤੇ 0.25 ਫ਼ੀਸਦੀ ਸਪੈਸ਼ਲ ਇੰਫ੍ਰਾਸਟਰਕਚਰ ਡਿਵੈਲਪਮੈਂਟ ਟੈਕਸ ਲਾਇਆ ਗਿਆ ਸੀ, ਮਈ ਵਿੱਚ ਪ੍ਰਾਪਰਟੀ ਦੀ ਰਜਿਸਟਰੀ ਕਰਵਾਉਣ ਉੱਤੇ ਜੀ ਐੱਸ ਟੀ ਦੀਆਂ ਦਰਾਂ ਲਾਗੂ ਕਰ ਦਿੱਤੀਆਂ ਗਈਆਂ ਹਨ। ਪ੍ਰਾਪਰਟੀ ਦੀ ਰਜਿਸਟਰੀ ਉੱਤੇ ਸੀ ਜੀ ਐੱਸ ਟੀਅਤੇ ਐੱਸ ਜੀ ਐੱਸ ਟੀ ਲਾਉਣ ਬਾਰੇ ਪੰਜਾਬ ਸਰਕਾਰਨੇ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਤੁਰੰਤ ਲਾਗੂ ਕਰ ਦਿੱਤਾ ਗਿਆ ਹੈ।




# ਕੋਰੋਨਾ ਵਾਇਰਸ ਦੀ ਇਨਫੈਕਸ਼ਨ ਪੇਂਡੂ ਖੇਤਰਾਂ ਵੱਲ ਵਧਣ ਤੋਂ ਰੋਕਣ ਲਈ ਰਾਜਾਂ ਵੱਲੋਂ ਐਮਰਜੈਂਸੀ ਪ੍ਰਬੰਧ

**ਨਵੀਂ ਦਿੱਲੀ (ਪੋਸਟ ਬਿਊਰੋ)-** ਇਸ ਵਕਤ ਭਾਰਤ ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੀ ਲਹਿਰ ਹੌਲੀ-ਹੌਲੀ ਪੇਂਡੂ ਖੇਤਰਾਂ ਵੱਲ ਨੂੰ ਵਧਣ ਲੱਗੀ ਵੇਖ ਕੇਰੋਗ ਦੇ ਮੁਕਾਬਲੇ ਲਈ ਕਈ ਰਾਜਾਂ ਨੇ ਪੰਚਾਇਤੀ ਰਾਜ ਯੂਨਿਟਾਂ, ਜਿਵੇਂ ਪੰਚਾਇਤਾਂ ਤੇ ਬਲਾਕ ਸੰਮਤੀਆਂ ਜਾਂ ਜ਼ਿਲਾ ਪ੍ਰੀਸ਼ਦਾਂ ਵੱਲੋਂਖੁਦ-ਐਲਾਨੇ ਲਾਕਡਾਊਨ, ਪਰਵਾਸੀ ਲੋਕਾਂ ਦੇ ਅੰਕੜੇ ਇਕੱਠੇ ਕਰਨ, ਬਿਮਾਰਾਂ ਨੂੰ ਮੁਫਤ ਆਨਲਾਈਨ ਸਲਾਹ ਦੇਣ ਸਮੇਤ ਕਈ ਪਹਿਲ ਕਦਮੀਆਂ ਕੀਤੀਆਂ ਹਨ।

ਜਾਣਕਾਰ ਸੂਤਰਾਂ ਮੁਤਾਬਕ ਪਿੰਡਾਂ ਵਿੱਚ ਕੋਰੋਨਾ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣਲਈ ਕਈ ਰਾਜਾਂ ਨੇ ਕੇਂਦਰ ਸਰਕਾਰ ਨਾਲ ਵਿਚਾਰ ਵਟਾਂਦਰਾ ਕਰ ਕੇ ਕਦਮ ਚੁੱਕੇ ਹਨ। ਗੁਜਰਾਤ ਦੇ ਪੰਚਾਇਤੀ ਰਾਜ ਅਦਾਰਿਆਂ ਨੇ ਖੁਦ-ਐਲਾਨ ਕੀਤਾ ਲਾਕਡਾਊਨ ਲਾਇਆ ਹੈ। ਅਸਾਮ ਵਿੱਚਇਸ ਰਾਜ ਦੇ ਬਾਹਰ ਵੱਸਦੇਅਤੇ ਬਾਹਰਲੇ ਰਾਜਾਂ ਤੋਂ ਆਏ ਲੋਕਾਂ ਬਾਰੇ ਪੰਚਾਇਤੀ ਖੇਤਰ ਵਿਚਲੇ ਪਰਵਾਸੀਆਂ ਦੇ ਅੰਕੜੇ ਇਕੱਠੇ ਕਰਨ ਦੇ ਨਾਲ ਪਿੰਡ ਸੁਰੱਖਿਆ ਕਮੇਟੀਆਂ ਬਣਾਈਆਂ ਜਾਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਹਿਮਾਚਲ ਪ੍ਰਦੇਸ਼ ਵਿੱਚ ਪੇਂਡੂ ਯੂਨਿਟਾਂ ਨੇ ਬਿਮਾਰ ਲੋਕਾਂ ਨੂੰ ਲੋੜ ਵੇਲੇਸਲਾਹ ਦੇਣ ਦੇਲਈ ਈ-ਸੰਜੀਵਨੀ ਓਪੀਡੀ ਸ਼ੁਰੂ ਕੀਤੀ ਹੈ। ਕੇਰਲ ਵਿੱਚ ਕੁਡੰਬਸ਼੍ਰੀ ਕਮਿਊਨਿਟੀ ਨੈੱਟਵਰਕ ਸਾਂਝਾ ਪ੍ਰੋਗਰਾਮ ਸਰਕਾਰਨੇ ਸ਼ੁਰੂਕੀਤਾ ਹੈ।ਕੇਰਲ ਸਰਕਾਰ ਦੇ ਇਸਸਾਂਝ ਪ੍ਰੋਗਰਾਮ ਨੂੰ ਗਰੀਬ ਔਰਤਾਂ ਦੀ ਕਮਿਊਨਿਟੀ ਵਿਕਾਸ ਸੁਸਾਈਟੀ (ਸੀਡੀਐੱਸ) ਵੱਲੋਂ ਲਾਗੂ ਕੀਤਾ ਜਾ ਰਿਹਾ ਹੈ। ਸੀਡੀਐੱਸ ਲੋਕਲ ਸੰਸਥਾਵਾਂ ਦੀ ਕਮਿਊਨਿਟੀ ਯੂਨਿਟ ਦਾ ਕੰਮ ਕਰਦੀ ਹੈ।ਹਰਿਆਣਾ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਉਣ ਦੇ ਨਾਲ ਪਿੰਡ ਪੱਧਰ ਦੀਆਂਨਿਗਰਾਨੀ ਕਮੇਟੀਆਂਬਣਾਉਣ ਤੇ ਪ੍ਰਵਾਸੀ ਮਜ਼ਦੂਰਾਂ ਲਈ ਖਾਸ ਤੌਰ ਉੱਤੇ ਕੁਆਰੰਟਾਈਨ ਸੈਂਟਰ ਚਲਾਉਣ ਦੀ ਪਹਿਲ ਕੀਤੀ ਗਈ ਹੈ।ਗੁਜਰਾਤ ਵਿੱਚ ਘਰ-ਘਰ ਜਾ ਕੇ ਆਕਸੀਮੀਟਰ, ਤਾਪਮਾਨ ਨਾਪਣ ਵਾਲੀ ਮਸ਼ੀਨ ਅਤੇ ਐਂਟੀਜਨ ਜਾਂਚ ਕਿੱਟ ਦੀ ਮਦਦ ਨਾਲ ਲੋਕਾਂ ਦੀ ਨਿਗਰਾਨੀ ਕੀਤੀ ਜਾਂਦੀ ਹੈ। ਆਂਧਰਾ ਪ੍ਰਦੇਸ਼ ਸਰਕਾਰ ਨੇ ਕੋਰੋਨਾ ਕੱਟਾਡੀ (ਨਿਗਰਾਨੀ) ਕਮੇਟੀਆਂ ਬਣਾਉਣ ਦਾ ਐਲਾਨ ਕੀਤਾ ਹੈ ਤੇ ਰਾਜ ਦੀਆਂ ਗ੍ਰਾਮ ਪੰਚਾਇਤਾਂ ਨੇ 'ਮਾਸਕ ਨਹੀਂ ਤਾਂ ਦਾਖਲਾ ਨਹੀਂ' ਦਾ ਫਾਰਮੂਲਾਲਾਗੂ ਕਰਨ ਦੇ ਮਤੇ ਪਾਸ ਕਰਨਾ ਤਤੇ ਲਾਗੂ ਕਰਨਾ ਸ਼ੁਰੂ ਕੀਤਾ ਹੈ। ਉੱਤਰ ਪ੍ਰਦੇਸ਼ ਦੀ ਹਰ ਗ੍ਰਾਮ ਪੰਚਾਇਤਵੱਲੋਂ ਨਿਗਰਾਨੀ ਕਮੇਟੀ ਬਣਾਈ ਜਾ ਰਹੀ ਹੈ, ਜਿਹੜੀ ਸਫਾਈਦਾ ਧਿਆਨ ਕੇਂਦਰਿਤ ਕਰੇਗੀ। ਉੱਤਰਾਖੰਡ ਰਾਜ ਨੇ ਸਾਮਾਨ ਸਪਲਾਈ ਦੇ ਲਈ ਪੰਚਾਇਤਾਂ ਰਾਹੀਂ ਨਿਗਰਾਨੀ ਦੀ ਵਿਵਸਥਾ ਕੀਤੀ ਹੈ।

ਪੱਛਮੀ ਬੰਗਾਲ ਵਿੱਚ ਗੈਰ ਸਰਕਾਰੀ ਸੰਗਠਨਾਂ (ਐੱਨ ਜੀ ਓਜ਼) ਤੇ ਸੈਲਫ ਹੈੱਲਪ ਗਰੁੱਪਾਂ ਨਾਲ ਜਾਗਰੂਕਤਾਦੀ ਨਵੀਂ ਮੁਹਿੰਮ ਚਲਾਈ ਗਈ ਹੈ। ਇਸ ਹੇਠ ਸਥਾਨਕ ਬਾਜ਼ਾਰ ਤੇ ਹਾਟ ਨੂੰ ਨਿਯਮਾਂ ਮੁਤਾਬਕ ਚਲਾਉਣ ਨਾਲ ਜਨਤਕ ਵੰਡ ਪ੍ਰਣਾਲੀ ਵਾਲੀ ਖ਼ੁਰਾਕ ਦੀ ਵੰਡ ਵੀ ਕਰਵਾਈ ਜਾ ਰਹੀ ਹੈ।

ਮੱਧ ਪ੍ਰਦੇਸ਼ ਵਿੱਚਇਨਫੈਕਸ਼ਨ ਦੇ ਵੱਧਕੇਸ ਆਉਣ ਉੱਤੇ ਪਿੰਡਾਂ ਵਿੱਚ ਕੰਟੇਨਮੈਂਟ ਜ਼ੋਨ ਬਣਾਇਆ ਜਾਣ ਲੱਗਾ ਹੈ।ਇਲਾਜ ਕਰਵਾ ਰਹੇ ਮਰੀਜ਼ਾਂ ਦੀ ਗਿਣਤੀ ਦੇ ਆਧਾਰ ਉੱਤੇ ਪਿੰਡਾਂ ਨੂੰ ਰੈੱਡ, ਆਰੇਂਜ ਤੇ ਗ੍ਰੀਨ ਜ਼ੋਨ ਵਿੱਚ ਵੰਡਿਆ ਜਾ ਰਿਹਾ ਹੈ।ਮਹਾਰਾਸ਼ਟਰ ਵਿੱਚ'ਮੇਰਾ ਪਰਿਵਾਰ, ਮੇਰੀ ਜ਼ਿੰਮੇਵਾਰੀ' ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਅਤੇ ਘਰ-ਘਰ ਨਿਗਰਾਨੀ ਲਈ ਕੋਰੋਨਾ ਰੋਕਥਾਮ ਕਮੇਟੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ।

ਪੰਜਾਬ ਦੇ ਹਰ ਪਿੰਡ ਵਿੱਚ'ਪਿੰਡ ਨਿਗਰਾਨੀ ਕਮੇਟੀ' ਬਣਾਈ ਜਾ ਰਹੀ ਹੈ,ਜਿਹੜੀ ਰਾਤ ਦਾ ਕਰਫਿਊ ਯਕੀਨੀ ਬਣਾਉਣ ਲਈ ਪਹਿਰੇ ਤੇ ਪਹਿਰੇਦਾਰਾਂ ਦੀ ਵਿਵਸਥਾ ਕਰਦੀ ਹੈ। ਬਿਹਾਰ ਵਿੱਚ ਸਾਰੇ ਪਰਿਵਾਰਾਂ ਵਿੱਚ ਮਾਸਕ ਵੰਡਣ ਤੇ ਸਥਾਨਕ ਰੁਜ਼ਗਾਰ ਨੂੰ ਸ਼ੁਰੂ ਕਰਨ ਲਈ ਲੋਕਲ ਪੱਧਰ ਉੱਤੇ ਪਹਿਲਕੀਤੀ ਗਈ ਹੈ।ਭਾਰਤ ਦੇ ਸਿਹਤ ਮਾਹਿਰਾਂ ਨੇ ਹੋਰ ਰਾਜਾਂ ਨੂੰ ਵੀ ਕੋਰੋਨਾ ਇਨਫੈਕਸ਼ਨ ਦੀ ਲੜੀ ਤੋੜਨ ਲਈ ਏਦਾਂਦੇ ਕਦਮ ਚੁੱਕਣ ਦਾ ਸੱਦਾ ਦਿੱਤਾ ਹੈ। ਕੇਂਦਰੀ ਪੰਚਾਇਤੀ ਰਾਜ ਮੰਤਰਾਲੇ ਨੇ ਰਾਜ ਸਰਕਾਰਾਂ ਨੂੰ ਸਲਾਹ ਦੇ ਕੇਪਿੰਡ ਪੱਧਰ ਉੱਤੇ ਕੋਰੋਨਾ ਵਾਇਰਸ ਵਿਰੁੱਧ ਮੈਨੇਜਮੈਂਟ ਕਰਨ ਅਤੇ ਪੇਂਡੂ ਇਲਾਕਿਆਂ ਵਿੱਚ ਮਹਾਮਾਰੀ ਫੈਲਣ ਤੋਂ ਰੋਕਣ ਲਈ ਅਸਰਦਾਰ ਕਦਮ ਚੁੱਕਣ ਦੀ ਅਪੀਲ ਕੀਤੀ ਹੈ।



# ਜਲ ਸਪਲਾਈ ਵਿਭਾਗ ਦੇ ਕੱਚੇ ਕਾਮੇ ਕਾਰਜਕਾਰੀ ਇੰਜੀਨੀਅਰ ਮੰਡਲ ਤਲਵਾੜਾ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਅਤੇ ਵਾਅਦਾ ਖਿਲਾਫੀ ਤੋਂ ਤੰਗ ਆ ਕੇ ਦੇਣਗੇ ਰੋਸ ਧਰਨਾ : ਆਗੂ ਮਨਜੀਤ ਸਿੰਘ

**ਮੁਕੇਰੀਆਂ/ਤਲਵਾੜਾ (ਜਸਵੀਰ ਸਿੰਘ ਪੁਰੇਵਾਲ)** ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਰਜਿ -26 ਦੀ ਅਹਿਮ ਮੀਟਿੰਗ ਬਰਾਂਚ ਤਲਵਾੜਾ ਵਿਖੇ ਬ੍ਰਾਂਚ ਪ੍ਰਧਾਨ ਰੱਜਤ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਜੁਆਇੰਟ ਜਨਰਲ ਸਕੱਤਰ ਮਨਜੀਤ ਸਿੰਘ ਪਹੁੰਚੇ

ਜ਼ਿਲ੍ਹਾ ਆਗੂ ਮਨਜੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜਲ ਸਪਲਾਈ ਵਿਭਾਗ ਵਿੱਚ ਚਾਰ ਹਜ਼ਾਰ ਦੇ ਕਰੀਬ ਫੀਲਡ ਅਤੇ ਦਫ਼ਤਰਾਂ ਵਿੱਚ ਕੰਮ ਕਰਦੇ ਠੇਕਾ ਆਧਾਰਤ ਕਾਮਿਆਂ ਦਾ ਪਿਛਲੇ ਪੰਦਰਾਂ ਸਾਲ ਤੋਂ ਵਿਭਾਗ ਵੱਲੋਂ ਲਗਾਤਾਰ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਕ ਇੱਕ ਵਰਕਰ ਪਾਸੋਂ ਪੰਜ ਪੰਜ ਪੋਸਟਾਂ ਦਾ ਕੰਮ ਲਿਆ ਜਾ ਰਿਹਾ ਹੈ ਅਤੇ ਇਸ ਦੇ ਬਦਲੇ ਬਹੁਤ ਹੀ ਨਿਗੂਣੀਆਂ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ। ਪਰ ਪਿਛਲੇ ਸਮੇਂ ਦੌਰਾਨ ਜਦੋਂ ਜਥੇਬੰਦੀ ਵੱਲੋਂ ਨਿਗਰਾਨ ਇੰਜੀਨੀਅਰ ਹਲਕਾ ਹੁਸ਼ਿਆਰਪੁਰ ਨਾਲ ਇਸ ਸਬੰਧੀ ਮੀਟਿੰਗ ਕੀਤੀ ਗਈ ਤਾਂ ਨਿਗਰਾਨ ਇੰਜੀਨੀਅਰ ਹਲਕਾ ਹੁਸ਼ਿਆਰਪੁਰ ਵੱਲੋਂ ਵਰਕਰਾਂ ਦੀਆਂ ਤਨਖਾਹਾਂ ਵਿਚ ਵਾਧਾ ਕਰਨ ਦੀ ਮੰਗ ਨੂੰ ਮੰਨਿਆ ਗਿਆ। ਇਸ ਤੋਂ ਇਲਾਵਾ ਜਥੇਬੰਦੀ ਵੱਲੋਂ 26 ਅਪ੍ਰੈਲ ਨੂੰ ਕਾਰਜਕਾਰੀ ਇੰਜੀਨੀਅਰ ਮੰਡਲ ਤਲਵਾੜਾ ਦੇ ਵਿਰੁੱਧ ਧਰਨਾ ਦਿੱਤਾ ਸੀ। ਇਸ ਧਰਨੇ ਵਿੱਚ ਵਰਕਰਾਂ ਦੇ ਵਿੱਚ ਆ ਕੇ ਕਾਰਜਕਾਰੀ ਇੰਜੀਨੀਅਰ ਮੰਡਲ ਤਲਵਾੜਾ ਵੱਲੋਂ ਹਾਜ਼ਰ ਹੋ ਕੇ ਇਹ ਐਲਾਨ ਕੀਤਾ ਸੀ ਕਿ ਵਰਕਰਾਂ ਦੀਆਂ ਤਨਖਾਹਾਂ ਦੇ ਸਬੰਧ ਵਿੱਚ ਸਾਰੀਆਂ ਮੰਗਾਂ ਮੰਨ ਲਈਆਂ ਹਨ ਅਤੇ ਕਾਰਜਕਾਰੀ ਇੰਜਨੀਅਰ ਵੱਲੋਂ ਇਹ ਮੰਨੀਆਂ ਮੰਗਾਂ ਸਬੰਧੀ ਮੀਡੀਆ ਨੂੰ ਵੀ ਜਾਣਕਾਰੀ ਦਿੱਤੀ ਸੀ ਜੋ ਕਿ ਜਥੇਬੰਦੀ ਵੱਲੋਂ ਆਨ ਰਿਕ-ਾਰਡ ਹੈ। ਪਰ ਜਦੋਂ ਮੰਗਾਂ ਲਾਗੂ ਕਰਨ ਦਾ ਸਮਾਂ ਆਇਆ ਤਾਂ ਅਧਿਕਾਰੀ ਆਪਣੇ ਕੀਤੇ ਵਾਅਦੇ ਤੋਂ ਮੁਕਰ ਗਿਆ ਜਿਸ ਕਰਕੇ ਫੀਲਡ ਅਤੇ ਦਫ਼ਤਰਾਂ ਵਿੱਚ ਕੰਮ ਕਰਦੇ ਵਰਕਰਾਂ ਵਿਚ ਭਾਰੀ ਰੋਸ ਪਾਇਆ ਗਿਆ। ਜਿਸ ਲਈ ਮਜਬੂਰ ਹੋ ਕੇ



ਜਲ ਸਪਲਾਈ ਠੇਕਾ ਕਾਮਿਆਂ ਵੱਲੋਂ ਫਿਰ ਦੁਬਾਰਾ 17 ਮਈ ਨੂੰ ਕਾਰਜਕਾਰੀ ਇੰਜੀਨੀਅਰ ਤਲਵਾੜਾ ਦੇ ਖ਼ਿਲਾਫ਼ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸਮੂਹ ਠੇਕਾ ਕਾਮੇ ਕੰਮ ਬੰਦ ਕਰਕੇ ਉਨੇ ਸਮੇਂ ਤਕ ਧਰਨੇ ਵਿਚ ਲਗਾਤਾਰ ਬੈਠਣਗੇ ਜਦੋਂ ਤਕ ਉਨ੍ਹਾਂ ਦੀ ਮੰਨੀ ਹੋਈ ਮੰਗ ਨੂੰ ਲਾਗੂ ਨਹੀਂ ਕੀਤਾ ਜਾਂਦਾ। ਇਸ ਧਰਨੇ ਦੌਰਾਨ ਜੇਕਰ ਕਿਸੇ ਦਫ਼ਤਰੀ ਅਤੇ ਫੀਲਡ ਵਰਕਰ ਦਾ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਸਾਰੀ ਜੁੰਮਿਵਾਰੀ ਸਬੰਧਤ ਕਾਰਜਕਾਰੀ ਅਧਿਕਾਰੀ ਮੰਡਲ ਤਲਵਾੜਾ ਦੀ ਹੋਵੇਗੀ ਜੋ ਕਿ ਵਰਕਰਾਂ ਨੂੰ ਧਰਨਾ ਲਾਉਣ ਲਈ ਮਜਬੂਰ ਕਰ ਰਿਹਾ ਹੈ। ਇਸ ਮੌਕੇ ਸਤੀਸ਼ ਕੁਮਾਰ, ਅਮਨ ਰਾਣਾ, ਹਰੀਸ਼ ਚੰਦ, ਰਮਨ ਕੁਮਾਰ, ਮੈਡਮ ਦੀਪਿਕਾ, ਸਿੰਮੀ, ਰਾਜ ਕੁਮਾਰ, ਬਲਵੀਰ ਸਿੰਘ ਹਾਜ਼ਰ ਸਨ।

# ਤਲਵਾੜਾ ਪੁਲਿਸ ਵਲੋਂ 110 ਪਬੰਦੀਸੁਦਾ ਕੈਪਸੂਲਾਂ ਸਮੇਤ ਇਕ ਵਿਅਕਤੀ ਅਤੇ ਹਾਜਿਪੁਰ ਪੁਲਿਸ ਵਲੋਂ 19 ਗ੍ਰਾਮ ਨਸ਼ੀਲੇ ਪਾਊਡਰ ਸਮੇ ਇਕ ਵਿਅਕਤੀ ਸਮੇਤ ਕਾਬੂ

**ਮੁਕੇਰੀਆਂ/ਤਲਵਾੜਾ (ਜਸਵੀਰ ਸਿੰਘ ਪੁਰੇਵਾਲ)** ਐੱਸ ਐੱਸ ਪੀ ਹੁਸ਼ਿਆਰਪੁਰ ਨਵਜੋਤ ਸਿੰਘ ਮਾਹਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡੀ ਐੱਸ ਪੀ ਦਸੂਹਾ ਮਨੀਸ਼ ਕੁਮਾਰ ਢੇ ਹੁਕਮਾਂ ਅਨੁਸਾਰ ਅਤੇ ਥਾਣਾ ਮੁਖੀ ਤਾਲਵਾੜਾ ਅਜਮੇਰ ਸਿੰਘ ਦੀ ਅਗਵਾਈ ਹੇਠ ਤਲਵਾੜਾ ਪੁਲੀਸ ਨੇ ਤਲਵਾੜਾ ਪੁਲਿਸ ਸਟੇਸ਼ਨ ਅਧੀਨ ਆਉਂਦੇ ਇਲਾਕੇ ਵਿੱਚ ਨਸ਼ੇ ਦਾ ਕਾਰੋਵਰ ਕਰਨ ਵਾਲਿਆਂ ਦੀ ਕਮਰ ਤੋੜ ਦਿੱਤੀ ਹੈ। ਇਸੇ ਲੜੀ ਤਹਿਤ ਅੱਜ ਤਲਵਾੜਾ ਪੁਲਿਸ ਵਲੋਂ ਇਕ ਵਿਅਕਤੀ ਨੂੰ 110 ਪਬੰਦੀ ਸੁਦਾ ਕੈਪਸੂਲਾਂ ਸਮੇਤ ਅਤੇ ਇਕ ਵਿਅਕਤੀ ਨੂੰ19 ਗ੍ਰਾਮ ਨਸ਼ੀਲੇ ਪਾਊਡਰ ਸਮੇ ਕਾਬੂ ਕਰਨ ਵਿੱਚ ਵੱਡੀ ਸਫਲਤਾ ਹਾਸਿਲ ਕੀਤੀ ਹੈ। ਇਸ ਵਾਰੇ ਜਾਣਕਾਰੀ ਦਿੰਦੇ ਹੋਏ ਤਲਵਾੜਾ ਥਾਣਾ ਵਿੱਚ ਤੈਨਾਤ ਏਐਸਆਈ ਹਰਜੀਤ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਰਾਤ ਅੱਠ ਵਜੇ ਦਤਾਰਪੁਰ ਅਤੇ ਦਾਣਾ ਮੰਡੀ ਨੇੜੇ ਗਸ਼ਤ ਕਰ ਰਹੀ ਸੀ, ਕਰਫਿਊ ਹੋਣ ਦੇ ਬਾਵਜੂਦ ਇੱਕ ਸ਼ੱਕੀ ਵਿਅਕਤੀ ਦਾ ਵਿਖਾਈ ਦਿੱਤਾ ਗਿਆ, ਜੋ ਬਿਨਾ ਮਤਲਬ ਬਾਹਰ ਘੁੰਮ ਰਿਹਾ ਸੀ। ਪੁਲਿਸ ਪਾਰਟੀ ਨੇ ਸ਼ੱਕ ਦੇ ਅਧਾਰ ਤੇ ਇਸ ਵਿਅਕਤੀ ਨੂੰ ਰੋਕਿਆ ਅਤੇ ਤਲਾਸ਼ੀ ਲਈ ਇਸ ਸ਼ੱਕ 'ਤੇ ਘੁੰਮ ਰਿਹਾ ਸੀ ਅਤੇ ਤਲਾਸ਼ੀ ਲੈਣ ਤੇ ਉਸ ਵਿਅਕਤੀ ਕੋਲੋ 110 ਪਬੰਦੀ ਸੁਦਾ ਸਪੋਜ਼ ਪਲੱਸ ਦੇ ਕੈਪਸੂਲ ਬਰਾਮਦ ਕੀਤੇ ਗਏ। ਪੁਲਿਸ ਵਲੋਂ, ਪੁੱਛਗਿੱਛ ਕਰਨ ਤੇ ਉਸਨੇ ਆਪਣਾ ਨਾਮ ਤਰਸੇਮ ਲਾਲ ਉਰਫ ਭੁੱਲਾ ਪੁੱਤਰ ਰਤਨ ਚੰਦ ਨਿਵਾਸੀ ਦਾਤਾਰ-ਪੁਰ ਦੱਸਿਆ। ਤਾਲਵਾੜਾ ਪੁਲਿਸ ਵਲੋਂ ਉਸ ਦੇ ਖਿਲਾਫ ਬਣਦੀ ਕਾਰਵਾਈ ਕਰਨ ਲਈ ਮਾਮਲਾ ਰਜਿਸਟਡ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿਤੀ ਹੈ। ਇਸੇ ਤਰਾਂ ਹਾਜੀਪੁਰ ਪੁਲਿਸ ਨੇ ਇਕ ਨੌਜਵਾਨ ਨੂੰ ਗਸ਼ਤ ਦੌਰਾਨ ਇਕ ਵਿਅਕਤੀ ਨੂੰ 19 ਗ੍ਰਾਮ ਨਸ਼ੀਲੇ ਪਾਊਡਰ ਸਮੇਤ ਕਾਬੂ ਕੀਤਾ ਹੈ। ਏਐਸਆਈ ਜਗਜੀਤ ਸਿੰਘ ਅਤੇ ਪਵਨ ਕੁਮਾਰ ਨੇ ਦੱਸਿਆ ਕਿ ਮੁਲਜ਼ਮ ਦਾ ਨਾਮ ਰੌਕੀ ਪੁੱਤਰ ਖਰੇਤੀ ਲਾਲ ਵਾਸੀ ਸਾਂਡਪੁਰ ਤਲਵਾੜਾ ਹੈ ਜਿਸ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

# ਪ੍ਰਧਾਨ ਡਾਕਟਰ ਹਰੀਸ਼ ਸ਼ਰਮਾ ਨੇ ਪੰਜਾਬ ਸਰਕਾਰ ਨੂੰ ਕਿਹਾ ਕੀ ਸ਼੍ਰੀ ਦੁਰਗਿਆਣਾ ਸ਼ਿਵਪੁਰੀ ਲੱਗਦੀ ਜਮੀਨ ਸ਼ਿਵਪੁਰੀ ਦੁਰਗਿਆਣਾ ਨੂੰ ਸੋਪੀ ਜਾਵੇ

**ਅੰਮ੍ਰਿਤਸਰ (ਰਵਿੰਦਰ ਬੁੱਟਰ ਅਤੇ ਸਿਮਰਜੀਤ ਕੌਰ,)**ਮਾਨਵ ਅਧਿਕਾਰ ਸੰਗਰਸ਼ ਕਮੇਟੀ ਇੰਡੀਆ ਅਤੇ ਸ਼ਿਵਪੁਰੀ ਸੇਵਾ ਸੋਸਾਇਟੀ ਨਰਾਇਣ ਗੜ੍ਹ ਛਿਹਰਾਟਾ ਦੇ ਪ੍ਰਧਾਨ ਹਰੀਸ਼ ਸ਼ਰਮਾ ਹੀਰਾ ਨੇ ਸ਼ੋਕਰਵਾਰ ਨੂੰ ਆਪਣੇ ਆਵਾਸ ਸਥਾਨ ਤੇ ਇਕ ਬੈਠਕ ਨੂੰ ਸੰਬੋਧਨ ਕਰਦਿਆ ਹੋਇਆ ਕਿਹਾ ਕੀ ਪੰਜਾਬ ਸਰਕਾਰ ਸ਼੍ਰੀ ਦੌਰਗਿਆਨਾ ਸ਼ਿਵਪੁਰੀ ਦੇ ਨਾਲ ਲੱਗਦੀ ਜਮੀਨ ਸ਼੍ਰੀ ਦੌਰਗਿਆਨਾ ਸ਼ਿਵਪੁਰੀ ਕਮੇਟੀ ਨੂੰ ਜਲਦੀ ਤੋਂ ਜਲਦੀ ਸੋਪੀ ਜਾਵੇ ਕਰੋਨਾ ਮਹਾਮਾਰੀ ਵਿਚ ਮਰੇ ਸ਼ਰੀਰ ਦੇ ਅੰਤਮ ਸੰਸਕਾਰ ਦੇ ਲਈ ਜਗਾ ਉਪਲੱਬਧ ਨਾ ਹੋਣ ਪੈਦਾ ਹੋਏ ਸੰਕਟ ਨਾਲ ਸ਼੍ਰੀ ਦੌਰਗਿਆਨਾ ਕਮੇਟੀ ਨੇਪਟ ਸਕੇ ਜਮੀਨ ਦੀ ਕਮੀ ਹੋਣ ਕਾਰਨ ਲੋਕਾਂ ਦੇ ਮਿਤਕ ਸ਼ਰੀਰਾ ਨੂੰ ਅੰਤਮ ਸੰਸਕਾਰ ਕਰਨ ਵਿਚ ਪਰੇਸ਼ਾਨੀ ਆ ਰਹੀ ਹੈ ਉਹਨਾ ਨੇ ਕਿਹਾ ਕ ਸ਼੍ਰੀ ਦੌਰਗਿਆਨਾ ਕਮੇਟੀ ਕਰੋਨਾ ਮਹਾਂਮਾਰੀ ਵਿਚ ਆਪਣੇ ਮਕਸਦ ਨੂੰ ਸੱਚਾਰੂ ਢੰਗ ਨਾਲ ਕਰ ਰਹੀ ਹੈ ਸਮਾਜ ਦੇ ਹਰੇਕ ਵਰਗ ਦੀ ਸ਼ਹਿਤਾ ਦੇ ਲਈ ਵੀ ਕਮੇਟੀ ਆਹੁਦੇਦਾਰਾ ਆਪਣੀ ਜਿੰਮੇਵਾਰੀ ਨਾਲ ਨਿਬਾ ਰਹੇ ਹਨ ਸੀ ਐਮ ਕੈਪਟਨ ਅਮਰਿੰਦਰ ਸਿੰਘ ਨੇ ਖਾਲੀ ਪਈ ਜਮੀਨ ਦੌਰਗਿਆਨਾ ਕਮੇਟੀ ਨੂੰ ਦੇਣ ਦੀ ਗੋਸ਼ਣਾ ਕੀਤੀ ਸੀ ਪਰ ਪੂਡਾ ਦੇ ਆਧਕਾਰੀਕੰਮ ਵਿਚ ਅੜਿਕਾ ਬਣ ਰਹੇ ਹਨ ਬੈਠਕ ਵਿਚ



ਰਾਜ ਕੁਮਾਰ ਖੋਸਲਾ ਕੁਲਵੰਤ ਰਾਏ ਪਰਾਸਰ ਐਡਵੋਕੇਟ ਸੰਜੀਵ ਪੁਰੀ ਪਵਨ ਅਰੋੜਾ ਹਰੀ ਕ੍ਰਿਸ਼ਨ ਭਾਟੀਆ ਜਤਿੰਦਰ ਸਿੰਘ ਮਜੂਦ ਸਨ

# ਕੋਰੋਨਾ ਖਿਲਾਫ ਜੰਗ ਵਿੱਚ ਸਰਕਾਰਾਂ ਉੱਤੇ ਯਕੀਨ ਦੀ ਥਾਂ ਲੋਕਾਂ ਵਿੱਚ ਅੰਧ-ਵਿਸ਼ਵਾਸ ਹਾਵੀ

## ਕਿਤੇ ਹਵਨ, ਕਿਤੇ ਧੂਣੀ ਤੇ ਪੂਜਾ ਨਾਲ ਕੋਰੋਨਾ ਭਜਾਉਣ ਦੇ ਯਤਨ

**ਨਵੀਂ ਦਿੱਲੀ।** ਭਾਰਤ ਜਦੋਂਇਸ ਸਮੇਂ ਕੋਰੋਨਾ ਵਾਇਰਸ ਦੀ ਦੂਸਰੀ ਲਹਿਰ ਦੇ ਨਾਲ ਜੂਝ ਰਿਹਾ ਹੈ, ਵੱਡੀ ਗਿਣਤੀ ਵਿੱਚ ਲੋਕ ਬੀਮਾਰ ਪੈ ਰਹੇ ਹਨ, ਹਜ਼ਾਰਾਂ ਦੀ ਗਿਣਤੀ ਵਿੱਚ ਮੌਤਾਂ ਹੋ ਰਹੀਆਂ ਹਨ, ਉਸ ਵਕਤ ਇਸ ਮਹਾਮਾਰੀ ਦਾ ਸਾਹਮਣਾ ਕਰਨ ਲਈ ਦੇਸ਼ ਦੇ ਡਾਕਟਰ ਭਾਵੇਂ ਦਿਨ-ਰਾਤ ਇਕ ਕਰ ਰਹੇ ਹਨ ਅਤੇ ਟੀਕਾਕਰਨ ਦਾ ਕੰਮ ਵੀ ਜਾਰੀ ਹੈ, ਪਰ ਕੋਰੋਨਾ ਦੇ ਖ਼ਿਲਾਫ਼ ਇਸ ਜੰਗ ਲਈ ਆਮ ਲੋਕਾਂ ਵਿਚ ਅੰਧਵਿਸ਼ਵਾਸ ਭਾਰੂ ਹੁੰਦਾ ਨਜ਼ਰ ਆਉਂਦਾ ਹੈ।ਆਮ ਲੋਕ ਕਿਤੇ ਹਵਨ ਕਰ ਰਹੇ ਹਨ, ਕਿਤੇ ਧੂਣੀ ਬਾਲ ਕੇ ਕੋਰੋਨਾ ਭਜਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਕੁਝ ਲੋਕ ਗਊ-ਮੂਤਰ ਅਤੇ ਗੋਹੇ ਨਾਲ ਨਹਾਉਣ ਦੇ ਫਾਰਮੂਲੇ ਵਰਤ ਰਹੇ ਹਨ। ਵਰਨਣ ਯੋਗ ਹੈ ਕਿ ਕੋਰੋਨਾ ਵਾਇਰਸ ਨੇ ਮਈ ਦੌਰਾਨ ਪੇਂਡੂ ਖੇਤਰਾਂ ਵੱਲ ਵੀ ਰੁਖ਼ ਕਰ ਲਿਆ ਹੈ ਤੇ ਪਿੰਡਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ ਹਰ ਰਾਜ ਵਿੱਚ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਸਿਹਤ ਵਿਭਾਗ ਦੇ ਸਰਗਰਮ ਹੋਣ ਤੋਂ ਪਹਿਲਾਂ ਲੋਕ ਧਾਰਮਿਕ ਮਾਨਤਾਵਾਂ ਅਤੇ ਅੰਧ ਵਿਸ਼ਵਾਸ ਵਿੱਚ ਫਸਣ ਲੱਗ ਪਏ ਹਨ। ਮੱਧ ਪ੍ਰਦੇਸ਼ ਦੀ ਖਬਰ ਹੈ ਕਿ ਓਥੇ ਰਾਜਗੜ੍ਹਜ਼ਿਲੇ ਵਿੱਚ ਇਕ ਟਰਾਲੀ ਵਿਚ ਹਵਨ ਕੁੰਡ ਬਣਾਇਆ ਗਿਆ ਅਤੇ ਫਿਰ ਇੱਕ ਸਾਧੂ ਦੇ ਕਹਿਣ ਉੱਤੇ ਉਸ ਨੂੰ ਆਹੂਤੀ ਪਾ ਕੇ ਪੂਰੇ ਇਲਾਕੇ ਵਿਚ ਘੁੰਮਾਇਆ ਗਿਆ।ਏਦਾਂ ਕਰਨ ਦਾ ਤਰਕ ਹੈ ਕਿ ਹਵਨ ਦੇ ਧੂੰਏਂ ਨਾਲ ਵਾਯੂਮੰਡਲ ਸ਼ੁੱਧ ਹੋਵੇਗਾ ਅਤੇ ਕੋਰੋਨਾ ਵਾਇਰਸ ਕਮਜ਼ੋਰ ਹੋ ਜਾਵੇਗਾ। ਅੱਜ ਵੀਰਵਾਰ ਹਰਿਆਣਾ ਦੇ ਝੱਜਰ ਜ਼ਿਲੇ ਵਿੱਚਪੇਂਡੂ ਲੋਕਾਂ ਨੇ ਹਵਨ ਕੀਤਾ ਅਤੇ ਫਿਰ ਧੂਣੀ ਬਾਲ ਕੇ ਸ਼ਹਿਰ ਵਿੱਚ ਸੰਦੇਸ਼ ਯਾਤਰਾ ਕੱਢੀ ਗਈ। ਪਿੰਡ ਵਾਸੀਆਂ ਨੇ ਟਰੈਕਟਰ-ਟਰਾਲੀ ਵਿੱਚ ਹਵਨ ਕੁੰਡ ਰੱਖਿਆ ਅਤੇ ਉਸ ਦਾ ਪਿੰਡ ਵਿੱਚ ਚੱਕਰ ਲਗਵਾ ਕੇ ਫਿਰ ਸ਼ਹਿਰ ਵਿੱਚ ਵੀ ਲੋਕਾਂ ਨੂੰ ਘਰ-ਘਰ ਹਵਨ ਕਰਾਉਣ ਦੀ ਅਪੀਲ ਕੀਤੀ। ਇਸ ਤੋਂ ਇੱਕ ਦਿਨ ਪਹਿਲਾਂ ਉੱਤਰ ਪ੍ਰਦੇਸ਼ ਦੇ ਮਹਾਰਾਜਗੰਜ ਜ਼ਿਲ੍ਹੇ ਦੇ ਗੌਨਰੀਆ ਪਿੰਡ ਵਿੱਚ ਲੋਕਾਂ ਨੇ ਕੋਰੋਨਾ ਨੂੰ ਭਜਾਉਣ ਲਈ ਪੂਜਾ ਕੀਤੀ। ਪਿੰਡ ਦੇ ਸਾਰੇ ਔਰਤਾਂ-ਮਰਦ ਪਿੰਡ ਦੇ ਬਾਹਰ ਖੇਤਾਂ ਵਿਚ ਚੜ੍ਹਦੇ ਸੂਰਜ ਅਤੇ ਡੁੱਬਦੇ ਸੂਰਜ ਨੂੰ ਅਰਘ ਚੜ੍ਹਾ ਕੇ ਕੋਰੋਨਾ ਦੀ ਮਹਾਮਾਰੀ ਤੋਂ ਨਿਜਾਤ ਪਾਉਣ ਲਈ ਰੋਜ਼ਾਨਾ ਪ੍ਰਾਰਥਨਾ ਕਰਨ ਲੱਗ ਪਏ ਹਨ। ਗੁਜਰਾਤ ਵਿਚ ਕੁਝ ਲੋਕ ਗਊਸ਼ਾਲਾ ਵਿੱਚ ਜਾ ਕੇ ਆਪਣੇ ਸਰੀਰ ਉੱਤੇ ਗਾਂ ਦਾ ਗੋਹਾ ਮਲਣ ਲੱਗ ਪਏ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਉਹ ਖ਼ੁਦ ਨੂੰ ਵਾਇਰਸ ਤੋਂ ਬਚਾਅ ਸਕਦੇ ਹਨ। ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਮਿਲਦੀਆਂ ਇਹ ਤਸਵੀਰਾਂ ਲੋਕਾਂ ਵਿਚ ਸਿਹਤ ਵਿਵਸਥਾ ਉੱਤੇ ਵਿਸ਼ਵਾਸ ਘਟਣ ਅਤੇ ਅੰਧ-ਵਿਸ਼ਵਾਸ ਵਧਣ ਦਾ ਸਬੂਤ ਹਨ। ਲੋਕ ਅੱਕੀਂ-ਪਲਾਹੀਂ ਹੱਥ ਮਾਰਦੇ ਨਜ਼ਰ ਆ ਰਹੇ ਹਨ।



# ਭਾਰਤ ਦੀ ਸਥਿਤੀ ਅਜੇ ਵੀ ਚਿੰਤਾਜਨਕ: ਡਬਲਯੂਐੱਚਓ

**ਜਨੇਵਾ/ਨਵੀਂ ਦਿੱਲੀ।** ਆਲਮੀ ਸਿਹਤ ਸੰਸਥਾ (ਡਬਲਯੂਐੱਚਓ) ਨੇ ਕਿਹਾ ਹੈ ਕਿ ਭਾਰਤ ਦੀ ਸਥਿਤੀ ਅਜੇ ਵੀ ਚਿੰਤਾਜਨਕ ਹੈ ਕਿਉਂਕਿ ਇਸ ਦੇ ਕਈ ਸੂਬਿਆਂ ਵਿੱਚ ਕੋਵਿਡ-19 ਦੇ ਕੇਸਾਂ, ਦਾਖ਼ਲ ਮਰੀਜ਼ਾਂ ਦੀ ਗਿਣਤੀ ਤੇ ਇਸ ਮਹਾਮਾਰੀ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਗੰਭੀਰ ਹੈ। ਸੰਸਥਾ ਦੇ ਨਿਰਦੇਸ਼ਕ ਜਨਰਲ ਟੈਡਰੋਸ ਅਧਾਨੋਮ ਨੇ ਕਿਹਾ ਕਿ ਡਬਲਯੂਐੱਚਓ ਵੱਲੋਂ ਸਥਿਤੀ ਵੱਲ ਲਗਾਤਾਰ ਧਿਆਨ ਦਿੱਤਾ ਜਾ ਰਿਹਾ ਹੈ। ਸੰਸਥਾ ਵੱਲੋਂ ਹਜ਼ਾਰਾਂ ਆਕਸੀਜਨ ਕੰਨਸਨਟਰੇਟਰ, ਭਾਰਤ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਚੱਲਦੇ-ਫਿਰਦੇ ਹਸਪਤਾਲ ਬਣਾਉਣ ਲਈ ਟੈਂਟ ਤੇ ਮਾਸਕ ਤੇ ਹੋਰ ਮੈਡੀਕਲ ਸਪਲਾਈ ਭੇਜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਸੀਂ ਉਨ੍ਹਾਂ ਸਾਰੇ ਮੁਲਕਾਂ ਦਾ ਧੰਨਵਾਦ ਕਰਦੇ ਹਾਂ ਜੋ ਭਾਰਤ ਦੀ ਸਹਾਇਤਾ ਕਰ ਰਹੇ ਹਨ। ਸ੍ਰੀ ਟੈਡਰੋਸ ਨੇ ਕਿਹਾ,'ਕੋਵਿਡ- 19 ਪਹਿਲਾਂ ਹੀ 3.3 ਮਿਲੀਅਨ ਜਾਨਾਂ ਲੈ ਚੁੱਕਾ ਹੈ ਅਤੇ ਅਸੀਂ ਇਸ ਮਹਾਮਾਰੀ ਦੇ ਦੂਜੇ ਸਾਲ ਲਈ ਤਿਆਰ ਹਾਂ ਜੋ ਕਿ ਪਹਿਲਾਂ ਨਾਲੋਂ ਵੀ ਵੱਧ ਖਤਰਨਾਕ ਹੈ।' ਹਾਲਾਂਕਿ ਇਹ ਸਿਰਫ਼ ਭਾਰਤ ਨਹੀਂ ਹੈ, ਜਿਸਦੀਆਂ ਐਮਰਜੈਂਸੀ ਲੋੜਾਂ ਹਨ ਜਦਕਿ ਨੇਪਾਲ, ਸ੍ਰੀਲੰਕਾ, ਵੀਅਤਨਾਮ, ਕੰਬੋਡੀਆ, ਥਾਈਲੈਂਡ ਅਤੇ ਮਿਸਰ ਅਜਿਹੇ ਮੁਲਕ ਹਨ, ਜਿਨ੍ਹਾਂ ਨੂੰ ਕੇਸਾਂ ਦੀ ਗਿਣਤੀ ਵਿੱਚ ਵਾਧੇ ਤੋਂ ਇਲਾਵਾ ਹਸਪਤਾਲਾਂ ਦੀ ਘਾਟ ਸਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ,'ਜਨਵਰੀ ਵਿੱਚ ਮੈਂ ਮਹਾਮਾਰੀ ਬਾਰੇ ਸੰਕੇਤ ਦਿੱਤਾ ਸੀ। ਬਦਕਿਸਮਤੀ ਨਾਲ ਸਾਨੂੰ ਇਹ ਸਭ ਕੁਝ ਵੇਖਣਾ ਪੈ ਰਿਹਾ ਹੈ। ਕੁਝ ਕੁ ਅਮੀਰ ਮੁਲਕਾਂ, ਜਿਨ੍ਹਾਂ ਨੇ ਜ਼ਿਆਦਾਤਰ ਵੈਕਸੀਨ ਦੀ ਸਪਲਾਈ ਖਰੀਦ ਲਈ, ਉੱਥੇ ਹੁਣ ਸਭ ਤੋਂ ਘੱਟ ਰਿਸਕ ਵਾਲੇ ਲੋਕਾਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਕੁਝ ਮੁਲਕ ਆਪਣੇ ਬੱਚਿਆਂ ਤੇ ਨਾਬਾਲਗਾਂ ਦਾ ਟੀਕਾਕਰਨ ਕਿਉਂ ਕਰਨਾ ਚਾਹੁੰਦੇ ਹਨ ਪਰ ਇਸ ਸਮੇਂ ਮੈਂ ਉਨ੍ਹਾਂ ਨੂੰ ਇਸ ਗੱਲ ਬਾਰੇ ਮੁੜ ਵਿਚਾਰ ਕਰਨ ਤੇ ਕੋਵੈਕਸ ਨੂੰ ਵੈਕਸੀਨ ਦਾ ਦਾਨ ਦੇਣ ਲਈ ਬੇਨਤੀ ਕਰਦਾ ਹਾਂ, ਕਿਉਂਕਿ ਬਹੁਤ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਮੁਲਕਾਂ ਵਿੱਚ ਸਿਹਤ ਕਾਮਿਆਂ ਦੇ ਟੀਕਾਕਰਨ ਲਈ ਵੀ ਵੈਕਸੀਨ ਪੂਰੀ ਨਹੀਂ ਹੈ ਜਦਕਿ ਹਸਪਤਾਲ ਅਜਿਹੇ ਲੋਕਾਂ ਨਾਲ ਭਰੇ ਪਏ ਹਨ, ਜਿਨ੍ਹਾਂ ਨੂੰ ਜ਼ਿੰਦਗੀ ਬਚਾਉਣ ਲਈ ਬਹੁਤ ਜ਼ਿਆਦਾ ਦੇਖਭਾਲ ਦੀ ਲੋੜ ਹੈ। ਮੌਜੂਦਾ ਸਮੇਂ ਘੱਟ ਆਮਦਨ ਵਾਲੇ ਮੁਲਕਾਂ ਵਿੱਚ ਸਿਰਫ਼ 0.3 ਫ਼ੀਸਦੀ ਵੈਕਸੀਨ ਦੀ ਸਪਲਾਈ ਹੋ ਰਹੀ ਹੈ।'



# ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜਾਤ ਲਈ ਕੋਟਕਪੂਰਾ ਦੇ ਡੀਐਸਪੀ ਵੱਲੋਂ ਇੱਕ ਵੱਖਰੀ ਪਹਿਲਕਦਮੀ

**ਕੋਟਕਪੂਰਾ (ਰੋਹਿਤ ਆਜ਼ਾਦ)** ਦਿਨੋਂ-ਦਿਨ ਵੱਧ ਰਹੀ ਪ੍ਰਦੂਸ਼ਣ ਦੀ ਸਮੱਸਿਆ ਤੇ ਠੱਲ ਪਾਉਣ ਦੇ ਮਕਸਦ ਨਾਲ ਸ਼ਹਿਰ ਦੇ ਡੀਐਸਪੀ ਕੋਟਕਪੂਰਾ ਸਰਦਾਰ ਬਲਕਾਰ ਸਿੰਘ ਵੱਲੋਂ ਉਨਾਂ ਦੀ ਚੰਗੀ ਤੇ ਉਸਾਰੂ ਸੋਚ ਦੇ ਚੱਲਦਿਆਂ ਇੱਕ ਵੱਖਰੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਗਈ। ਇਸਦੇ ਚੱਲਦਆਂ ਉਨਾਂ ਆਖਿਆ ਕਿ ਜੋ ਵਿਅਕਤੀ ਆਪਣਾ ਅਸਲਾ ਲਾਇਸੰਸ ਦਾ ਨਵੀਨੀਕਰਨ ਕਰਵਾਉਂਦੇ ਹਨ, ਉਨਾਂ ਲੋਕਾਂ ਨੂੰ ਤਾਂ 5 ਪੌਦੇ ਅਤੇ ਜੋ ਵਿਅਕਤੀ ਆਪਣਾ ਅਸਲਾ ਲਾਇਸੰਸ ਨਵਾਂ ਬਣਵਾਉਂਦੇ ਹਨ ਉਨਾਂ ਨੂੰ 10 ਪੌਦੇ ਘੱਟੋ-ਘੱਟ ਲਗਾਉਣੇ ਚਾਹੀਦੇ ਹਨ ਤੇ ਉਨਾਂ ਦੀ ਕੇਅਰ ਕਰਕੇ ਤਸਵੀਰ ਫਾਈਲ 'ਚ ਨੱਥੀ ਕਰਨੀ ਹੋਵੇਗੀ ਜਿਸ ਨਾਲ ਕਿ ਉਨਾਂ ਦੇ ਲਾਇਿਸਸ ਨੂੰ ਅੱਗੇ ਮਾਨਤਾ ਮਿਲੇਗੀ। ਉਨਾਂ ਆਖਿਆ ਕਿ ਵੱਧ ਤੋਂ ਵੱਧ ਰੁੱਖ ਲਗਾਉਣ ਨਾਲ ਜਿੱਥੇ ਪ੍ਰਦੂਸ਼ਣ ਘਟੇਗਾ ਉੱਥੇ ਹੀ ਇੰਸਾਨੀ ਜਿੰਦਗੀ ਨੂੰ ਜੀਣ ਵਿੱਚ ਵੀ ਕਾਫੀ ਮਦਦ ਮਿਲੇਗੀ ਕਿਉਂਕਿ ਜੇਕਰ ਰੁੱਖ ਹੋਣਗੇ ਤਾਂ ਹੀ ਤਾਂ ਇੰਸਾਨ ਜਿੰਦਾ ਰਵੇਗਾ। ਉਨਾਂ ਆਖਿਆ ਕਿ ਰੁੱਖ ਵਗੈਰਾ ਕਾਰਬਨ ਡਾਈਓਕਸਾਈਡ ਪ੍ਰਾਪਤ ਕਰਕੇ ਸਾਨੂੰ ਆਕਸੀਜਨ ਪ੍ਰਦਾਨ ਕਰਦੇ ਹਨ ਜਿਸ ਨਾਲ ਕਿ ਅਸੀਂ ਜੀਵਤ ਰਹਿੰਦੇ ਹਾਂ। ਇਸਦੇ ਨਾਲ ਹੀ ਉਨਾਂ ਲੋਕਾਂ ਨੂੰ ਕਰੋਨਾ ਬੀਮਾਰੀ ਪ੍ਰਤੀ ਜਾਗਰੂਕ ਕਰਦਿਆਂ ਹੋਇਆਂ ਸਾਵਧਾਨੀਆਂ ਨੂੰ ਵਰਤਨ ਦੀ ਵੀ ਗੱਲ ਆਖੀ।

# ਮਰੀਜ ਹੁਣ ਸਿੱਧਾ ਮਿੰਨੀ ਕੇਅਰ ਸੈਂਟਰਾਂ 'ਚ ਹੋ ਸਕਦੇ ਹਨ ਭਰਤੀ, ਜਾਰੀ ਹੋਏ ਹੁਕਮ

**ਚੰਡੀਗੜ, (ਦੀਪਕ ਸ਼ਰਮਾ)** ਸ਼ਹਿਰ ਦੇ ਹਸਪਤਾਲਾਂ 'ਤੇ ਕੋਰੋਨਾ ਦੇ ਮਰੀਜ਼ਾਂ ਦਾ ਬੋਝ ਵਧਦਾ ਜਾ ਰਿਹਾ ਹੈ। ਇਸ ਲਈ ਵੀਰਵਾਰ ਪ੍ਰਸ਼ਾਸਕ ਦੇ ਸਲਾਹਕਾਰ ਮਨੋਜ ਪਰਿਦਾ ਨੇ ਹੁਕਮ ਜਾਰੀ ਕੀਤਾ ਕਿ ਕੋਵਿਡ ਮਰੀਜ਼ ਹੁਣ ਸਿੱਧੇ ਸ਼ਹਿਰ ਦੇ 9 ਮਿੰਨੀ ਕੋਵਿਡ ਕੇਅਰ ਸੈਂਟਰਾਂ ਵਿਚ ਜਾ ਕੇ ਭਰਤੀ ਹੋ ਸਕਦੇ ਹਨ। ਪਹਿਲਾਂ ਪ੍ਰਸ਼ਾਸਨ ਨੇ ਇਹ ਤੈਅ ਕੀਤਾ ਸੀ ਕਿ ਮਿੰਨੀ ਕੋਵਿਡ ਕੇਅਰ ਸੈਂਟਰ ਵਿਚ ਮਰੀਜ਼ਾਂ ਨੂੰ ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਰੈਫਰ ਕੀਤਾ ਜਾਵੇਗਾ। ਜਾਰੀ ਹੁਕਮਾਂ ਵਿਚ ਕਿਹਾ ਗਿਆ ਕਿ ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਵਿਚ ਸਾਰੇ ਕੋਵਿਡ ਬੈੱਡ ਭਰ ਗਏ ਹਨ। ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚ ਮਿੰਨੀ ਕੋਵਿਡ ਕੇਅਰ ਸੈਂਟਰ ਬਣਾਏ ਗਏ ਹਨ, ਜਿੱਥੇ ਪ੍ਰੋਫੈਸ਼ਨਲ ਡਾਕਟਰ ਅਤੇ ਨਰਸ ਸਟਾਫ਼ ਮੌਜੂਦ ਹੈ। ਇੱਥੇ ਆਕਸੀਜਨ ਦੀ ਸਹੂਲਤ, ਦਵਾਈਆਂ ਅਤੇ ਖਾਣ-ਪੀਣ ਆਦਿ ਦਾ ਪ੍ਰਬੰਧ ਵੀ ਹੈ। ਜੀ. ਐੱਮ. ਸੀ. ਐੱਚ.-32 ਅਤੇ ਜੀ. ਐੱਮ. ਐੱਸ. ਐੱਚ.-16 ਵੱਲੋਂ ਇੱਥੇ ਮਰੀਜ਼ ਭੇਜੇ ਜਾ ਰਹੇ ਹਨ ਪਰ ਜੇਕਰ ਜਰੂਰਤ ਪੈਂਦੀ ਹੈ ਤਾਂ ਮਰੀਜ਼ ਸਿੱਧੇ ਕੋਵਿਡ ਕੇਅਰ ਸੈਂਟਰ ਵਿਚ ਡਾਕਟਰਾਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਇਲਾਜ ਕਰਵਾ ਸਕਦੇ ਹਨ। ਪ੍ਰਸ਼ਾਸਨ ਨੇ ਕਿਹਾ ਹੈ ਕਿ ਇਨਾਂ ਸੈਂਟਰਾਂ ਵਿਚ ਪ੍ਰਸ਼ਾਸਨ ਦੇ ਡਾਕਟਰ ਵੀ ਸਮੇਂ-ਸਮੇਂ 'ਤੇ ਜਾ ਕੇ ਮਰੀਜ਼ਾਂ ਦੀ ਦੇਖਭਾਲ ਕਰਦੇ ਹਨ। ਇਸ ਲਈ ਸਾਰੇ ਕੋਵਿਡ ਸੈਂਟਰਾਂ ਦੇ ਨੰਬਰ ਜਾਰੀ ਕੀਤੇ ਗਏ ਹਨ। ਸਥਾਨ ਸੰਪਰਕ ਵਿਅਕਤੀ ਨੰਬਰ



ਬਾਲ ਭਵਨ-23 ਐੱਚ. ਐੱਸ. ਸਭਰਵਾਲ 9814300113
ਇੰਦਰਾ ਹਾਲੀਡੇ ਹੋਮ-24 ਬੀ ਅਰੁਣੇਸ਼ ਅਗਰਵਾਲ 9216814445
ਪੀ. ਜੀ. ਆਈ. ਇੰਫੋਸਿਸ ਸਰਾਏ ਐੱਚ. ਐੱਸ. ਸਭਰਵਾਲ 9814300113
ਡੀ. ਆਰ. ਡੀ. ਓ. ਹਸਪਤਾਲ ਪੀ. ਸੀ. ਭਾਟੀਆ 0172 - 3957100 0172 - 2651824/25
ਅਰਬਿੰਦੋ ਸਕੂਲ-27 ਸਰਤਾਜ ਲਾਂਬਾ 8725005444
ਜੀ. ਜੀ. ਐੱਸ ਐੱਸ. ਐੱਸ-8 ਅਮਰ ਵਿਵੇਕ ਅਗਰਵਾਲ 9814027754
ਸਪੋਟਰਸ ਕੰਪਲੈਕਸ-43 ਅਮਰਦੀਪ ਸਿੰਘ 9867166555
ਸੈਕਟਰ-47 ਸਥਿਤ ਕਮਿਉਨਿਟੀ ਸੈਂਟਰ ਤਨੂ ਮੇਹਤਾਨੀ 9888729484
ਸਪੋਰਟਸ ਕੰਪਲੈਕਸ-34 ਦੀਪਕ ਚੌਧਰੀ 9888470225

# ਮੱਕੜ ਪਰਿਵਾਰ ਨੇ ਬੱਚੀ ਦਾ ਜਨਮ ਦਿਨ ਜਰੂਰਤ ਮੰਦ ਹੁਸ਼ਿਆਰ ਵਿਦਿਆਰਥੀਆਂ ਨੂੰ ਕਿਤਾਬਾ ਦੇ ਕੇ ਮਨਾਇਆ



**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਸ ਸਰਬਜੀਤ ਸਿੰਘ ਮੱਕੜ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਆਪਣੀ ਬੱਚੀ ਦਾ ਜਨਮਦਿਨ ਨਿਵੇਕਲੇ ਅੰਦਾਜ਼ ਵਿੱਚ ਵਿਦਿਆ ਦਾਨ ਮਹਾਦਾਨ ਦੀ ਸੋਚ ਨਾਲ ਮਨਾਇਆ ਗਿਆ ।ਆਪਣੀ ਲਾਡਲੀ ਪੋਤਰੀ ਤਵਲੀਨ ਮੱਕੜ ਦੇ ਜਨਮਦਿਨ ਦੀ ਖੁਸ਼ੀ ਵਿੱਚ ਅੱਜ ਸ ਸਰਬਜੀਤ ਸਿੰਘ ਮੱਕੜ ਵੱਲੋਂ 10+2 ਦੇ ਹੋਸ਼ਿਆਰ ਬੱਚੇ ਬੱਚੀਆਂ ਨੂੰ ਉਨ੍ਹਾਂ ਦੀ ਸ਼੍ਰੇਣੀ ਦੀ ਜਰੂਰਤ ਦੀਆਂ ਕਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸ ਸਰਬਜੀਤ ਸਿੰਘ ਮੱਕੜ, ਜੈਸਮੀਨ ਮੱਕੜ,ਤਵਲੀਨ ਮੱਕੜ ਅਤੇ ਸਮਾਜਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਤੋਂ ਮਾਸਟਰ ਅਮਰੀਕ ਸਿੰਘ ਹਾਜ਼ਰ ਸਨ। ਮਾਸਟਰ ਅਮਰੀਕ ਸਿੰਘ ਵੱਲੋਂ ਇਸ ਉਪਰਾਲੇ ਲਈ ਮੱਕੜ ਪਰਿਵਾਰ ਦਾ ਧੰਨਵਾਦ ਕੀਤਾ ਗਿਆ ਅਤੇ ਸੰਸਥਾ ਵੱਲੋਂ ਬੇਟੀ ਤਵਲੀਨ ਮੱਕੜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਤਵਲੀਨ ਮੱਕੜ ਦੇ ਜਨਮਦਿਨ ਦੀਆਂ ਵਧਾਈਆਂ ਦਿੱਤੀਆਂ।

# ਕੋਰੀਅਰ 'ਚ 100 ਕਰੋੜ ਦੀ ਕੋਕੀਨ ਲੁਕਾ ਕੇ ਆਸਟ੍ਰੇਲੀਆ ਭੇਜ ਰਿਹਾ ਸਮੱਗਲਰ ਗ੍ਰਿਫਤਾਰ

**ਚੰਡੀਗੜ (ਦੀਪਕ ਸ਼ਰਮਾ)** ਕਰੋੜਾਂ ਰੁਪਏ ਦੀ ਕੋਕੀਨ ਆਸਟ੍ਰੇਲੀਆ ਭੇਜਣ ਆਏ ਸਮੱਗਲਰ ਨੂੰ ਕੋਰੀਅਰ ਕੰਪਨੀ ਦੇ ਕਰਮਚਾਰੀ ਦੀ ਚੌਕਸੀ ਕਾਰਨ ਪੁਲਸ ਨੇ ਗ੍ਰਿਫਤਾਰ ਕਰ ਲਿਆ। ਪੁਲਸ ਨੇ ਤਿੰਨ ਬਕਸਿਆਂ ਵਿਚੋਂ ਕੋਕੀਨ ਦੇ 14 ਪੈਕੇਟ (10 ਕਿਲੋ) ਬਰਾਮਦ ਕੀਤੇ ਹਨ। ਕੋਕੀਨ ਲੱਕੜ ਦੀ ਟ੍ਰੇਅ ਵਿਚ ਲੁਕਾਈ ਹੋਈ ਸੀ। ਸਮੱਗਲਰ ਦੀ ਪਛਾਣ ਚੇਨਈ ਨਿਵਾਸੀ ਅਸਫਾਕ ਰਹਿਮਾਨ ਵਜੋਂ ਹੋਈ ਹੈ। ਸੈਕਟਰ-31 ਥਾਣਾ ਪੁਲਸ ਨੇ ਹੈਰੋਇਨ ਜਬਤ ਕਰ ਕੇ ਸਮੱਗਲਰ ਖਲਿਾਫ ਮਾਮਲਾ ਦਰਜ ਕਰ ਲਿਆ ਹੈ । ਐੱਸ. ਐੱਸ. ਪੀ. ਨੇ ਦੱਸਿਆ ਕਿ ਇਕ ਨੌਜਵਾਨ ਇੰਡਸਟਰੀਅਲ ਏਰੀਆ ਫੇਜ-2 ਸਥਿਤ ਐਕਸਲ ਵਰਲਡ ਵਾਈਡ ਪ੍ਰਾਈਵੇਟ ਲਿਮਿਟਡ ਕੋਰੀਅਰ ਕੰਪਨੀ ਵਿਚ ਆਸਟ੍ਰੇਲੀਆ ਲਈ ਕੋਰੀਅਰ ਕਰਵਾਉਣ ਆਇਆ ਸੀ। ਕੰਪਨੀ ਦਾ ਕਰਮਚਾਰੀ ਨਵਨੀਤ ਤਿੰਨਾਂ ਬਕਸਿਆਂ ਵਿਚ ਰੱਖਿਆ ਸਾਮਾਨ ਚੈੱਕ ਕਰਨ ਲੱਗਾ ਤਾਂ ਬਕਸੇ ਵਿਚਲੀ ਲੱਕੜ ਦੀ ਟ੍ਰੇਅ ਵਿਚੋਂ ਚਿੱਟੇ ਰੰਗ ਦਾ ਪਾਊਡਰ ਨਿਕਲਣ ਲੱਗਾ। ਨਸ਼ੇ ਵਾਲਾ ਪਦਾਰਥ ਹੋਣ ਦੇ ਸ਼ੱਕ 'ਚ ਉਸਨੇ ਸਟਾਫ ਮੈਂਬਰਾਂ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ। ਸਟਾਫ ਮੈਂਬਰ ਅਸਫਾਕ ਨੂੰ ਕਾਬੂ ਕਰਨ ਲੱਗੇ ਤਾਂ ਉਹ ਭੱਜ ਗਿਆ । ਕੰਪਨੀ ਦੇ ਬਾਹਰ ਗਸ਼ਤ ਕਰ ਰਹੇ ਬੀਟ ਬਾਕਸ ਦੇ ਜਵਾਨ ਨੇ ਉਸਨੂੰ ਕਾਬੂ ਕਰ ਲਿਆ। ਬੀਟ ਬਾਕਸ ਸਟਾਫ ਦੀ ਸੂਚਨਾ 'ਤੇ ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ , ਏ. ਐੱਸ. ਪੀ. ਸਾਊਥ ਸ਼ਰੂਤੀ ਅਰੋੜਾ ਅਤੇ ਥਾਣਾ ਮੁਖੀ ਨਰਿੰਦਰ ਪਟਿਆਲ ਪੁੱਜੇ ।

ਐੱਸ. ਐੱਸ. ਪੀ. ਕੁਲਦੀਪ ਸਿੰਘ ਚਹਿਲ ਨੇ ਕੋਰੀਅਰ ਕੰਪਨੀ ਵਿਚ ਪਹੁੰਚ ਕੇ ਸਮੱਗਲਰ ਤੋਂ ਪੁੱਛਗਿਛ ਕੀਤੀ। ਐੱਸ. ਐੱਸ. ਪੀ. ਨੇ ਦੱਸਿਆ ਕਿ 10 ਕਿਲੋ



ਕੋਕੀਨ ਦੀ ਅੰਤਰਰਾਸ਼ਟਰੀ ਮਾਰਕੀਟ ਵਿਚ ਕੀਮਤ 100 ਕਰੋਡ ਰੁਪਏ ਹੈ। ਜਾਂਚ ਵਿਚ ਪਤਾ ਲੱਗਾ ਹੈ ਕਿ ਸਮੱਗਲਰ ਸੈਕਟਰ-26 ਸਥਿਤ ਸਤਿਸੰਗ ਭਵਨ ਵਿਚ ਠਹਿਰਿਆ ਹੋਇਆ ਸੀ । ਮੁਲਜਮ ਇਕ ਮਹੀਨਾ ਪਹਿਲਾਂ ਰੈਕੀ ਕਰਨ ਆਇਆ ਸੀ। ਪੁਲਸ ਅਧਿਕਾਰੀਆਂ ਨੇ ਬਕਸੇ ਚੈੱਕ ਕੀਤੇ ਤਾਂ ਉਨਾਂ ਵਿਚ 14 ਪੈਕੇਟ ਕੋਕੀਨ ਸੀ। ਉਸਨੇ ਦੱਸਿਆ ਕਿ ਉਹ ਕੋਕੀਨ ਚੇਨਈ ਤੋਂ ਲੈ ਕੇ ਆਇਆ ਸੀ। ਮੁਲਜਮ ਅਸਫਾਕ ਦਾ ਰਿਕਾਰਡ ਚੇਨਈ ਤੋਂ ਮੰਗਵਾਇਆ ਜਾ ਰਿਹਾ ਹੈ। ਪੁਲਸ ਵੱਲੋਂ ਮੁਲਜਮ ਦਾ ਰਿਮਾਂਡ ਹਾਸਲ ਕੀਤਾ ਜਾਏਗਾ, ਤਾਂਕਿ ਗਿਰੋਹ ਦੇ ਹੋਰ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਜਾ ਸਕੇ ।

# ਗੁਰਮੇਲ ਮੂਰਤੀਕਾਰ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜ਼ਲੀ

**ਕੋਟਕਪੂਰਾ।** ਪਿਛਲੇ ਕਈ ਦਹਾਕਿਆਂ ਤੋਂ ਸੁੰਦਰ ਮੂਰਤੀਆਂ ਬਣਾ ਕੇ ਆਪਣੀ ਕਲਾਕਾਰੀ ਦਾ ਲੋਹਾ ਮਨਵਾਉਣ ਵਾਲੇ ਕੋਟਕਪੂਰੇ ਦੇ ਵਸਨੀਕ ਗੁਰਮੇਲ ਸਿੰਘ ਮੂਰਤੀਕਾਰ ਦੀ ਅੰਤਿਮ ਅਰਦਾਸ ਮੌਕੇ ਉਨਾਂ ਦੇ ਗ੍ਰਹਿ ਵਿਖੇ ਐੱਨਆਰਆਈ ਕਰਤਾਰ ਸਿੰਘ ਬਰਹਾਇਆ (ਯੂ.ਕੇ.) ਵੱਲੋਂ ਭੇਜੀ 10,000/- ਰੁਪਏ ਦੀ ਰਾਸ਼ੀ ਉਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੌਂਪਦਿਆਂ ਗੁਰਦੀਪ ਸਿੰਘ ਮੈਨੇਜਰ, ਗੁਰਿੰਦਰ ਸਿੰਘ ਮਹਿੰਦੀਰੱਤਾ ਅਤੇ ਰਜਿੰਦਰ ਸਿੰਘ ਸਰਾਂ ਸਮੇਤ ਲਾਇਨਜ ਕਲੱਬ ਕੋਟਕਪੂਰਾ ਵਿਸ਼ਵਾਸ਼ ਦੇ ਹੋਰ ਅਹੁਦੇਦਾਰਾਂ ਨੇ ਆਖਿਆ ਕਿ ਭਾਵੇਂ ਗੁਰਮੇਲ ਸਿੰਘ ਜੀ ਇਸ ਦੁਨੀਆਂ ਨੂੰ ਹਮੇਸ਼ਾਂ ਲਈ ਛੱਡ ਗਏ ਹਨ। ਪਰ ਉਹਨਾਂ ਦੀ ਯਾਦ ਕਲਾਕ੍ਰਿਤੀਆਂ ਰਾਹੀਂ ਸਾਡੇ ਮਨਾਂ 'ਚ ਹਮੇਸ਼ਾਂ ਤਾਜਾ ਰਹੇਗੀ। ਉਨਾਂ ਦੀ ਪਤਨੀ ਅਮਰਜੀਤ ਕੌਰ, ਬੇਟੀ ਕਰਮਜੀਤ ਕੌਰ ਅਤੇ ਫਿਲਮੀ ਅਦਾਕਾਰ ਗੁਰਮੀਤ ਸਾਜਨ ਨੇ ਦੱਸਿਆ ਕਿ ਸਤਿਕਾਰਯੋਗ ਗੁਰਮੇਲ ਸਿੰਘ ਦੀਆਂ ਬਣਾਈਆਂ ਮੂਰਤੀਆਂ ਪੰਜਾਬ ਦੇ ਹਰੇਕ ਰਾਮਬਾਗ ਅਤੇ ਚੌਂਕਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ। ਉਨਾਂ ਆਖਿਆ ਕਿ ਜੇਕਰ ਜਿਲਾ ਪ੍ਰਸ਼ਾਸ਼ਨ ਜਾਂ ਸਰਕਾਰ ਕੋਈ ਜਗਾ ਮੁਹੱਈਆ ਕਰਵਾਵੇ ਤਾਂ ਸਵ: ਗੁਰਮੇਲ ਸਿੰਘ ਦੀਆਂ ਕਲਾਕ੍ਰਿਤੀਆਂ ਦਾ ਇਕ ਮਿਊਜੀਅਮ ਤਿਆਰ ਕੀਤਾ ਜਾ ਸਕਦਾ ਹੈ। ਤਾਂ ਕਿ ਉਨਾ ਦੇ ਵਿਛੋੜੇ ਦੇ ਬਾਵਜੂਦ ਵੀ ਯਾਦ ਤਾਜਾ ਬਣੀ ਰਹੇ। ਉਨਾਂ ਸਵ: ਗੁਰਮੇਲ ਸਿੰਘ ਦੇ ਇਲਾਜ ਮੌਕੇ ਮੱਦਦ ਕਰਨ ਵਾਲੀਆਂ ਦਾਨੀ




ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਗੁਰਮੇਲ ਸਿੰਘ ਮੂਰਤੀਕਾਰ ਨਮਿੱਤ ਸੁਖਮਨੀ ਸਾਹਿਬ ਦੇ ਪਾਠ, ਅਰਦਾਸ-ਬੇਨਤੀ ਕਰਨ ਉਪਰੰਤ ਪਵਿੱਤਰ ਹੁਕਮਨਾਮਾ ਲਿਆ ਗਿਆ। ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਪਰਿਵਾਰ ਨੇ ਬਹੁਤਾ ਇਕੱਠ ਕਰਨ ਤੋਂ ਸੰਕੋਚ ਕੀਤਾ।

# ਪਿੰਡ ਔਲਖ ਦੇ ਵਸਨੀਕਾਂ ਨੂੰ ਪਾਣੀ ਨਿਕਾਸੀ ਦੀ ਸਮੱਸਿਆ ਦਾ ਹੋਇਆ ਹੱਲ : ਸਰਪੰਚ

**ਕੋਟਕਪੂਰਾ।** ਨੇੜਲੇ ਪਿੰਡ ਔਲਖ ਦੇ ਵਸਨੀਕਾਂ ਨੂੰ ਪਾਣੀ ਨਿਕਾਸੀ ਦੀ ਆਉਂਦੀ ਸਮੱਸਿਆ ਹੱਲ ਹੋ ਗਈ ਹੈ। ਪਿੰਡ ਦੀ ਪੰਚਾਇਤ ਪਿਛਲੇ ਲੰਮੇ ਸਮੇਂ ਤੋਂ ਉਕਤ ਸਮੱਸਿਆ ਨੂੰ ਹੱਲ ਕਰਨ ਲਈ ਯਤਨਸ਼ੀਲ ਸੀ ਪਰ ਪਾਣੀ ਨਿਕਾਸੀ ਵਾਲੇ ਨਾਲੇ ਤੱਕ ਕਰੀਬ 5 ਕਿਲੋਮੀਟਰ ਪਾਈਪਾਂ ਪਾਉਣ ਦੇ ਕੰਮ ਵਿੱਚ ਅਕਸਰ ਕੋਈ ਨਾ ਕੋਈ ਅੜਿੱਕਾ ਪੈ ਜਾਣ ਕਰਕੇ ਉਕਤ ਕੰਮ ਕਾਫੀ ਸਮਾਂ ਲਟਕਦਾ ਰਿਹਾ। ਅੱਜ ਸਾਰਾ ਕੰਮ ਮੁਕੰਮਲ ਹੋਣ 'ਤੇ ਪਿੰਡ ਦੇ ਸਰਪੰਚ ਊਧਮ ਸਿੰਘ ਔਲਖ ਅਤੇ ਮੈਂਬਰ ਪੰਚਾਇਤ ਜਸਵੰਤ ਸਿੰਘ ਨਿੱਕਾ ਨੇ ਦੱਸਿਆ ਕਿ ਬਾਰਿਸ਼ਾਂ ਵਾਲੇ ਮੌਸਮ ਵਿੱਚ ਜਾਂ ਹਰ ਸਮੇਂ ਘਰਾਂ ਦੇ ਪਾਣੀ ਨਿਕਾਸੀ ਦੀ ਸਮੱਸਿਆ ਤੋਂ ਪਿੰਡ ਵਾਸੀ ਬੜੇ ਦੁਖੀ ਅਤੇ ਪ੍ਰੇਸ਼ਾਨ ਸਨ। ਉਨਾਂ ਦੱਸਿਆ ਕਿ ਇਲਾਕੇ ਦੇ ਲੀਡਰਾਂ ਅਤੇ ਅਫਸਰਾਂ ਦੇ ਸਹਿਯੋਗ ਨਾਲ ਪਿੰਡ ਦੀ ਪੰਚਾਇਤ, ਕਲੱਬਾਂ ਅਤੇ ਹੋਰ ਉਸਾਰੂ ਸੋਚ ਰੱਖਣ ਵਾਲੇ ਵਿਅਕਤੀਆਂ ਦਾ ਉਕਤ ਕਾਰਜ ਨੇਪਰੇ ਚਾੜਨ ਵਿੱਚ ਬਹੁਤ ਸਹਿਯੋਗ ਰਿਹਾ। ਉਨਾਂ ਭਲੂਰ ਪਿੰਡ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਖੁਦ ਮੰਨਿਆ ਕਿ ਕੁਝ ਸ਼ਰਾਰਤੀ ਅਨਸਰਾਂ ਕਰਕੇ ਹੀ ਉਕਤ ਕਾਰਜ ਲਟਕਦਾ ਰਿਹਾ। ਉਨਾਂ ਦੱਸਿਆ ਕਿ ਉਕਤ ਵਿਕਾਸ ਕਾਰਜਾਂ 'ਤੇ ਕਰੀਬ 22-23 ਲੱਖ ਰੁਪਿਆ ਖਰਚ ਆਇਆ, ਜਿਸ ਬਦਲੇ ਪਿੰਡ ਵਾਸੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ



ਕਾਂਗਰਸ ਸਰਕਾਰ ਸਮੇਤ ਸਮੁੱਚੀ ਪਾਰਟੀ ਹਾਈਕਮਾਂਡ ਦੇ ਧੰਨਵਾਦੀ ਹਨ। ਉਨਾ ਦੱਸਿਆ ਕਿ ਸਾਰੇ ਪਿੰਡ ਵਿੱਚ ਇੰਟਰਲਾਕ ਟਾਈਲਾਂ ਲੱਗਣ ਨਾਲ ਪਿੰਡ ਵਾਸੀਆਂ ਨੂੰ ਆਪੋ-ਆਪਣੀਆਂ ਗਲੀਆਂ ਵਿੱਚ ਹੁੰਦੇ ਚਿੱਕੜ ਵਾਲੀ ਸਮੱਸਿਆ ਤੋਂ ਵੀ ਨਿਜ਼ਾਤ ਮਿਲ ਗਈ ਹੈ।

# 18 ਤੋਂ 44 ਸਾਲ ਉਮਰ ਵਰਗ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀਆਂ ਦਾ ਟੀਕਾਕਰਣ ਸ਼ੁਰੂ

**ਕਪੂਰਥਲਾ।** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 18 ਤੋਂ 44 ਸਾਲ ਉਮਰ ਵਰਗ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀਆਂ ਦਾ ਕੋਵਿਡ ਟੀਕਾਕਰਣ ਅੱਜ ਤੋਂ ਸ਼ੁਰੂ ਹੋ ਗਿਆ ਹੈ। ਕਪੂਰਥਲਾ ਜਿਲੇ ਵਿਚ ਇਹ ਵੈਕਸ਼ੀਨੇਸ਼ਨ 7 ਥਾਵਾਂ ਉਪਰ ਸ਼ੁਰੂ ਕੀਤੀ ਗਈ ਹੈ ।

ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀ ਮਤੀ ਦੀਪਤੀ ਉੱਪਲ ਨੇ ਦੱਸਿਆ ਕਿ 18 ਤੋਂ 44 ਸਾਲ ਉਮਰ ਵਰਗ ਦੇ ਪਹਿਲੇ ਪੜਾਅ ਵਿਚ ਲੇਬਰ ਵਰਗ ਲਈ ਟੀਕਾਕਰਣ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਦਕਿ ਹੁਣ ਇਸੇ ਲੜੀ ਵਿਚ ਵਿਸਥਾਰ ਕਰਦਿਆਂ 18 ਤੋਂ 44 ਸਾਲ ਉਮਰ ਵਰਗ ਦੇ ਅਜਿਹੇ ਲੋਕਾਂ ਦਾ ਟੀਕਾਕਰਣ ਕੀਤਾ ਜਾ ਰਿਹਾ ਹੈ ਜੋ ਪਹਿਲਾਂ ਤੋਂ ਹੀ ਕਿਸੇ ਬੀਮਾਰੀ ਨਾਲ ਪੀੜਤ ਹਨ।



ਉਨ੍ਹਾਂ ਦੱਸਿਆ ਕਿ ਲਿਸਟ ਦੇ ਅਨੁਸਾਰ ਜੇਕਰ 18 ਤੋਂ 44 ਸਾਲ ਦਾ ਕੋਈ ਵਿਅਕਤੀ ਦਿਲ ਦੀ ਬੀਮਾਰੀ ਜਿਵੇਂ ਕਿ ਕਾਰਡਿਅਕ ਟ੍ਰਾਂਸਪਲਾਂਟ, ਹਾਰਟ ਫੇਲੀਅਰ ਦੇ ਕੇਸ ਵਿਚ ਪਿਛਲੇ ਇੱਕ ਸਾਲ ਦੌਰਾਨ ਹਸਪਤਾਲ ਵਿਚ ਦਾਖਲ ਰਹਿ ਚੁੱਕਾ ਹੋਏ, ਸ਼ੂਗਰ, ਜਮਾਂਦਰੂ ਹਿਰਦੇ ਰੋਗ, ਹਾਈਪਰਟੈਂਸ਼ਨ, ਕੈਂਸਰ, ਐਚ.ਆਈ.ਵੀ. ਸੰਕ੍ਰਮਣ ਨਾਲ ਪੀੜਤ,ਕਿਡਨੀ, ਸਿਰਓਸਿਸ, ਲੀਵਰ ਦੀ ਬੀਮਾਰੀ ਨਾਲ ਗ੍ਰਸਤ ਜਾਂ ਟ੍ਰਾਂਸਪਲਾਟ ਹੋਇਆ ਹੋਵੇ,ਗੰਭੀਰ ਸਾਹ ਦਾ ਰੋਗੀ, ਦਿਵਿਯਾਂਗ ਰੋਗੀ, ਮੋਟਾ-ਪਾ, ਐਸਿਡ ਅਟੈਕ ਪੀੜਤ ਜਿਹੜਾ ਕਿ ਰੈਸਪੀਰੇਟਰੀ ਸਿਸਟਮ ਨਾਲ ਸੰਬੰਧਤ ਹੈ, ਐਂਜਾਈਨਾ, ਸਿਕਲ ਸੈੱਲ ਡਿਜੀਜ ਜਾਂ ਬੌਨ ਮੈਰੋ ਟ੍ਰਾਂਸਪਲਾਂਟ ਵਾਲਾ ਰੋਗੀ ਆਦਿ ਨੇ ਟੀਕਾਕਰਣ ਕਰਵਾਉਣਾ ਹੈ ਤਾਂ ਉਕਤ ਕੇਸ ਵਿਚ ਟੀਕਾਕਰਣ ਕਰਵਾਉਣ ਲਈ 18 ਤੋਂ 44 ਸਾਲ ਦੇ ਕੋਮੋਰਬਿਡ ਕੰਡੀਸ਼ਨ ਵਾਲੇ ਵਿਅਕਤੀ ਨੂੰ ਆਪਣੀ ਬੀਮਾਰੀ ਨਾਲ ਸੰਬੰਧਤ ਡਾਕਟਰ ਦੀ ਪ੍ਰੀਸਕ੍ਰਿਪਸ਼ਨ ਲੈ ਕੇ ਆਉਣਾ ਜਰੂਰੀ ਹੈ। ਸਿਵਲ ਸਰਜਨ ਕਪੂਰਥਲਾ ਡਾ ਪਰਮਿੰਦਰ ਕੌਰ ਤੇ ਜਿਲਾ ਟੀਕਾਕਰਣ ਅਫਸਰ ਡਾ. ਰਣਦੀਪ ਸਿੰਘ ਨੇ ਦੱਸਿਆ ਕਿ ਇਹ ਟੀਕਾਕਰਣ ਸਿਵਲ ਹਸਪਤਾਲ ਕਪੂਰਥਲਾ, ਸਬ ਡਵੀਜਨਲ ਹਸਪਤਾਲ ਫਗਵਾੜਾ, ਸਬ ਡਵੀਜਨਲ ਹਸਪਤਾਲ ਸੁਲਤਾਨਪੁਰ, ਸਬ ਡਵੀਜਨਲ ਹਸਪਤਾਲ ਭੁਲੱਥ,ਈ.ਐਸ.ਆਈ.ਹਸਪਤਾਲ ਫਗਵਾੜਾ, ਰਾਧਾ ਸੁਆਮੀ ਸਤਿਸੰਗ ਡੇਰਾ ਮਾਰਕਫੈੱਡ ਚੌਂਕ ਕਪੂਰਥਲਾ ਤੇ ਰਾਧਾ ਸੁਆਮੀ ਸਤਿਸੰਗ ਡੇਰਾ ਬਾਈਪਾਸ ਫਗਵਾੜਾ ਵਿਖੇ ਹੋ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਇਸ ਟੀਕਾਕਰਣ ਮੁਹਿੰਮ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ।

# ਅਮਿਤਾਭ ਬੱਚਨ ਵੱਲੋਂ ਦਾਨ ਕੀਤੇ 2 ਕਰੋੜ ਦੇ ਮਾਮਲੇ 'ਚ ਪੀਰ ਮੁਹੰਮਦ ਵੱਲੋਂ ਸਿਰਸਾ ਦੀ ਸਖਤ ਆਲੋਚਨਾ

**ਮੋਹਾਲੀ/ਚੰਡੀਗੜ (ਦੀਪਕ ਸ਼ਰਮਾ)** ਸਿੱਖ ਸਟੂਡੈਂਟਸ ਫੈਡਰੇਸਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਅਤੇ ਪ੍ਰਧਾਨ ਜਗਰੂਪ ਸਿੰਘ ਚੀਮਾ ਨੇ ਸ. ਮਨਜਿੰਦਰ ਸਿੰਘ ਸਿਰਸਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਕੋਵਿਡ ਕੇਅਰ ਸਹੂਲਤ ਲਈ ਫਲਿਮ ਅਭਿਨੇਤਾ ਵੱਲੋਂ ਦਾਨ ਕੀਤੇ 2 ਕਰੋੜ ਰੁਪਏ ਮਨਜੂਰ ਕਰਨ 'ਤੇ ਆਪਣਾ ਸਖਤ ਵਿਰੋਧ ਜਤਾਇਆ ਹੈ। ਕਰਨੈਲ ਸਿੰਘ ਪੀਰ ਮੁਹੰਮਦ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਸਿੱਖ ਨਸਲਕੁਸੀ ਨੂੰ ਅੰਜਾਮ ਦੇਣ ਲਈ ਵੱਡੀ ਭੂਮਿਕਾ ਨਿਭਾਉਣ ਦਾ ਦੋਸ ਲਾਉਂਦਿਆਂ ਅਮਿਤਾਭ ਬੱਚਨ ਤੋਂ ਮਿਲੀ ਰਕਮ ਨੂੰ ਸਵੀਕਾਰ ਕਰਨ ਲਈ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਤਿੱਖੀ ਅਲੋਚਨਾ ਕੀਤੀ ਹੈ । ਪੀਰ ਮੁਹੰਮਦ ਨੇ ਸਿਰਸਾ 'ਤੇ ਪਾਪ ਕਰਨ ਦਾ ਦੋਸ ਵੀ ਲਗਾਇਆ ਅਤੇ ਉਨਾਂ ਕਿਹਾ ਕਿ ਸਿਰਸਾ ਨੇ ਅਮਿਤਾਭ ਬੱਚਨ ਤੋਂ 2 ਕਰੋੜ ਰੁਪਏ ਸਵੀਕਾਰ ਕਰਕੇ ਸਮੁੱਚੀ ਸਿੱਖ ਕੌਮ ਦੇ ਸਿਰ ਨੂੰ ਨੀਵਾਂ ਕੀਤਾ ਹੈ। ਪੀਰ ਮੁਹੰਮਦ ਨੇ ਅੱਜ ਮੀਡੀਆ ਨੂੰ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਸਿਰਸਾ ਨੇ ਆਪਣੇ ਅਕਸ ਨੂੰ ਖਰਾਬ ਕੀਤਾ ਹੈ, ਜਿਸ ਦੀ ਭਰਪਾਈ ਕਦੇ ਨਹੀਂ ਕੀਤੀ ਜਾ ਸਕਦੀ ਕਿਉਂਕਿ ਕੋਵਿਡ ਮਹਾਮਾਰੀ ਦੇ ਚੱਲਦਿਆਂ ਦਿੱਲੀ ਦੇ ਲੋਕਾਂ ਨੂੰ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਹਰ ਤਰਾਂ ਦੀ ਮਦਦ ਦੇਣ ਲਈ ਉਹ ਮੋਹਰੀ ਸਾਬਤ ਹੋਏ ਸਨ। ਸਿਰਸਾ ਨੇ 3 ਵਿਵਾਦਪੂਰਨ 'ਖੇਤੀ ਕਾਨੂੰਨਾਂ' ਖਲਿਾਫ ਪ੍ਰਦਰਸਨਕਾਰੀਆਂ ਦੀ ਮਦਦ ਕਰਨ ਵਿਚ ਵੀ ਇੱਕ ਪ੍ਰਸੰਸਾ ਯੋਗ ਭੂਮਿਕਾ ਨਿਭਾਈ ਸੀ ਪਰ ਸਿਰਸਾ ਨੇ ਆਪਣੀ ਸਖਸੀਅਤ ਨੂੰ ਖਰਾਬ ਕਰਨ ਤੋਂ ਇਲਾਵਾ ਸਿੱਖ ਕੌਮ ਦੀ ਭਾਵਨਾ ਨੂੰ ਵੀ ਠੇਸ ਪਹੁੰਚਾਈ ਹੈ। ਉਨਾਂ ਕਿਹਾ ਕਿ ਅਮਿਤਾਭ ਬੱਚਨ ਨੇ ਇਕ ਨਾਅਰਾ ਮਾਰਿਆ ਸੀ "ਖੂਨ ਦਾ ਬਦਲਾ ਖੂਨ" ਜੋ 1984 ਵਿੱਚ ਸਿੱਖਾਂ ਦੀ ਨਸਲਕੁਸੀ ਕਰਨ ਲਈ ਕਾਫੀ ਸੀ। ਪੀਰ ਮੁਹੰਮਦ ਨੇ ਸਿਰਸਾ ਨੂੰ ਸਵਾਲ ਕੀਤਾ ਕਿ ਕੀ ਉਹ ਸੱਜਣ ਕੁਮਾਰ, ਜਗਦੀਸ ਟਾਈਟਲਰ ਅਤੇ ਕਮਲ ਨਾਥ ਵਰਗੇ ਸਿੱਖ ਨਸਲਕੁਸੀ ਲਈ ਹੋਰ ਪਾਪੀਆਂ ਤੋਂ ਵੀ ਦਾਨ ਪ੍ਰਵਾਨ ਕਰ ਲੈਣਗੇ, ਜੇ ਉਹ ਅਜਿਹੇ ਮੁਲਜਮਾਂ ਤੋਂ ਦਾਨ ਸਵੀਕਾਰ ਕਰਨਾ ਪਸੰਦ ਨਹੀਂ ਕਰਦੇ ਤਾਂ ਸਿਰਸਾ ਨੇ ਅਮਿਤਾਭ ਬੱਚਨ ਤੋਂ 2 ਕਰੋੜ ਰੁਪਏ ਦਾਨ ਕਿਵੇਂ ਸਵੀਕਾਰਿਆ? ਉਨਾਂ ਨੇ ਮੀਡੀਆ ਵਿੱਚ ਵੀ ਇਸ ਦਾਨ ਨੂੰ ਪ੍ਰਦਰਸ਼ਿਤ ਕਰਨ ਲਈ ਸਿਰਸਾ ਦੀ ਆਲੋਚਨਾ ਕੀਤੀ। ਉਨਾਂ ਕਿਹਾ ਕਿ ਇੱਥੇ ਹਜਾਰਾਂ ਦਾਨੀ ਸੱਜਣ ਹਨ, ਜੋ ਹਰ ਰੋਜ ਗੁਰਦੁਆਰਿਆਂ ਰਾਹੀਂ ਮਾਨਵਤਾ ਦੀ ਸੇਵਾ ਲਈ ਕੁੱਝ ਨਾ ਕੁੱਝ ਦਾਨ ਕਰਦੇ ਹਨ ਪਰ ਸਿਰਸਾ ਨੇ ਆਪਣੇ ਕਿਸੇ ਵੀ ਬਿਆਨ ਵਿੱਚ ਉਨਾਂ ਦਾ ਨਾਮ ਕਦੇ ਨਹੀਂ ਲਿਆ। ਉਨਾਂ ਕਿਹਾ ਕਿ ਜਿਹੜੇ ਲੋਕ ਮੀਡੀਆ ਵਿਚ ਕੋਈ ਵੀ ਫੋਕੀ ਸ਼ੋਹਰਤ ਹਾਸਲ ਨਾ ਕਰਦੇ ਹੋਏ ਦਾਨ ਦੇਣਾ ਪਸੰਦ ਕਰਦੇ ਹਨ, ਉਹ ਲੋਕ ਬੱਚਨ ਨਾਲੋਂ ਗੁਣਾ ਮਹਾਨ ਵਿਅਕਤੀ ਹਨ, ਬੱਚਨ ਵਰਗੇ ਅਜਿਹੇ ਲੋਕ ਸਿਰਫ ਸੁਰਖੀਆਂ ਕਮਾਉਣ ਲਈ ਦਾਨ ਕਰਦੇ ਹਨ। ਉਨਾਂ ਅੱਗੇ ਕਿਹਾ ਕਿ ਅੱਜ ਕੌਮ ਵਿਚ ਅਜਿਹੇ ਲੋਕ ਵੀ ਹਨ, ਜੋ ਆਪਣੇ ਅਤੀਤ ਨੂੰ ਭੁੱਲ ਜਾਂਦੇ ਹਨ ਅਤੇ ਛੋਟੇ ਅਤੇ ਥੋੜੇ ਸਮੇਂ ਦੇ ਲਾਭ ਲਈ ਜਮੀਰ ਵੇਚ ਦਿੰਦੇ ਹਨ।



# ਪੰਜਾਬ 'ਚ 'ਕੋਵਿਡ ਕਿੱਟ ਸਪਲਾਈ' 'ਚ ਵੱਡਾ ਖੁਲਾਸਾ, ਬਿਨਾਂ ਡਰੱਗ ਲਾਈਸੈਂਸ ਵਾਲੀ ਕੰਪਨੀ ਨੂੰ ਮਿਲੇ ਕਰੋੜਾਂ ਦੇ ਟੈਂਡਰ



**ਚੰਡੀਗੜ (ਦੀਪਕ ਸ਼ਰਮਾ)** ਪੰਜਾਬ 'ਚ ਕੋਵਿਡ ਕਿੱਟਾਂ ਦੀ ਸਪਲਾਈ 'ਚ ਨਿਯਮਾਂ ਦੀ ਵੱਡੀ ਉਲੰਘਣਾ ਦਾ ਮਾਮਲਾ ਸਾਹਮਣੇ ਆਇਆ ਹੈ। ਨਿਯਮਾਂ ਨੂੰ ਤਾਕ 'ਤੇ ਰੱਖ ਕੇ ਟੈਂਡਰ ਜਾਰੀ ਕਰਕੇ ਸਿਹਤ ਵਿਭਾਗ ਨੇ ਕੁੱਝ ਚਹੇਤਿਆਂ ਨੂੰ ਕਰੋੜਾਂ ਦਾ ਫਾਇਦਾ ਪਹੁੰਚਾਇਆ ਹੈ। ਇਸ ਗੱਲ ਦੇ 'ਜਗਬਾਣੀ' ਕੋਲ ਪੁਖਤਾ ਸਬੂਤ ਹਨ। ਸਿਹਤ ਵਿਭਾਗ ਨੇ ਇਕ ਟੈਂਡਰ ਕੱਢਿਆ, ਜਿਸ 'ਚ 50,000 ਕੋਵਿਡ ਕੇਅਰ ਕਿੱਟਾਂ ਦੀ ਸਪਲਾਈ ਲਈ ਅਰਜੀਆਂ ਮੰਗੀਆਂ ਗਈਆਂ ਸਨ। ਇਨਾਂ 'ਚ ਇਕ ਕੰਪਨੀ ਨੇ 1095, ਦੂਜੀ ਨੇ 1260 ਅਤੇ 2 ਕੰਪਨੀਆਂ ਨੇ 1270 ਰੁਪਏ ਪ੍ਰਤੀ ਕਿੱਟ ਦੀ ਮੰਗ ਰੱਖੀ। ਭਾਰਤ ਸਰਕਾਰ ਦੇ ਤੈਅ ਨਿਯਮਾਂ ਮੁਤਾਬਕ ਟੈਂਡਰ ਦੀ ਪਹਿਲਾਂ ਟੈਕਨੀਕਲ ਬਿੱਡ ਖੁੱਲਦੀ ਹੈ ਤਾਂ ਜੋ ਸਮਾਨ ਦੀ ਕੁਆਲਿਟੀ ਦੀ ਪਰਖ ਕੀਤੀ ਜਾ ਸਕੇ। ਉਸ 'ਚ ਖਰਾ ਉਤਰਨ ਵਾਲੀਆਂ ਕੰਪਨੀਆਂ ਦੀ ਫਾਈਨਾਂਸ਼ੀਅਲ ਬਿੱਡ ਖੋਲੀ ਜਾਂਦੀ ਹੈ ਪਰ ਇਸ ਮਾਮਲੇ 'ਚ 19 ਅਪ੍ਰੈਲ ਨੂੰ ਪਹਿਲਾਂ ਖੁੱਲੀ ਫਾਈਨਾਂਸ਼ੀਅਲ ਬਿੱਡ 'ਚ 1095 ਰੁਪਏ (ਜੀ. ਐਸ. ਟੀ. ਸਮੇਤ 1226. 40) ਪ੍ਰਤੀ ਕਿੱਟ ਦੇਣ ਨੂੰ ਤਿਆਰ ਕੰਪਨੀ ਨੂੰ ਕਿੱਟ ਸਪਲਾਈ ਦਾ ਕੰਮ ਸੌਂਪ ਦਿੱਤਾ ਗਿਆ। ਖਾਸ ਗੱਲ ਇਹ ਹੈ ਕਿ ਲੁਧਿਆਣਾ ਦੀ ਜਿਸ ਕੰਪਨੀ ਨੂੰ ਕੰਮ ਸੌਂਪਿਆ ਗਿਆ, ਉਸ ਕੋਲ ਡਰੱਗ ਲਾਈਸੈਂਸ ਤੱਕ ਨਹੀਂ ਹੈ। ਇਸ ਤੋਂ ਬਾਅਦ ਇਕ ਲੱਖ ਕੋਵਿਡ ਕੇਅਰ ਕਿੱਟਾਂ ਲਈ ਫਿਰ ਤੋਂ ਵਿਭਾਗ ਨੇ ਟੈਂਡਰ ਮੰਗਿਆ, ਜੋ 29 ਅਪ੍ਰੈਲ ਨੂੰ ਖੁੱਲਿਆ। ਇਸ 'ਚ 4 ਕੰਪਨੀਆਂ ਨੇ ਜੀ. ਐਸ. ਟੀ. ਸਮੇਤ 1926.40 ਰੁਪਏ ਪ੍ਰਤੀ ਕਿੱਟ ਸਪਲਾਈ ਦੇਣ ਦੀ ਗੱਲ ਕਹੀ। ਖਾਸ ਗੱਲ ਇਹ ਹੈ ਕਿ 1926.40 ਰੁਪਏ ਦੀ ਮੰਗ ਕਰਨ ਵਾਲੀ ਲੁਧਿਆਣਾ ਦੀ ਉਹ ਕੰਪਨੀ ਸੀ, ਜੋ ਸਿਰਫ 10 ਦਿਨ ਪਹਿਲਾਂ ਹੀ 1226.40 ਰੁਪਏ ਪ੍ਰਤੀ ਕਿੱਟ ਦੇਣ 'ਤੇ ਸਹਿਮਤ ਹੋ ਕੇ ਟੈਂਡਰ ਹਾਸਲ ਕਰ ਚੁੱਕੀ ਸੀ। ਵਿਭਾਗ ਨੇ ਇਹ ਦੋਸ਼ ਲਗਾ ਕੇ ਟੈਂਡਰ ਰੱਦ ਕਰ ਦਿੱਤਾ ਕਿ ਕੰਪਨੀਆਂ ਮਿਲੀ-ਭੁਗਤ ਨਾਲ ਕੰਮ ਕਰ ਰਹੀਆਂ ਹਨ ਪਰ ਬਾਅਦ 'ਚ ਉਸੇ ਕੰਪਨੀ ਨੂੰ 1,50,000 ਕਿੱਟਾਂ ਦਾ ਆਰਡਰ ਦੇ ਦਿੱਤਾ ਗਿਆ, ਜਿਸ ਨੂੰ ਪਹਿਲਾਂ ਵੀ 50,000 ਕਿੱਟਾਂ ਦਾ ਆਰਡਰ ਮਿਲ ਚੁੱਕਾ ਸੀ। ਇਸ ਕੰਪਨੀ ਨੂੰ ਵਿਭਾਗ ਵੱਲੋਂ ਭੇਜੀ ਗਈ ਈ-ਮੇਲ 'ਚ ਵੀ ਸਪੱਸ਼ਟ ਹੈ ਕਿ ਟੈਂਡਰ ਰੱਦ ਹੋਣ ਤੋਂ ਬਾਅਦ 4 ਮਈ ਨੂੰ ਨਵੇਂ ਰੇਟ ਸਰਕਾਰ ਨੂੰ ਆਫਰ ਕੀਤੇ ਗਏ ਸਨ।

# ਜਨਮ ਦਿਨ ਮੁਬਾਰਕ



ਨਾਮ:ਹਾਰਦਿਕ ਸ਼ਰਮਾਂ
ਪਿਤਾ:ਰਾਜ ਕੁਮਾਰ ਸ਼ਰਮਾਂ
ਮਾਤਾ:ਸੰਤੋਸ਼ ਸ਼ਰਮਾਂ
ਵਾਸੀ: ਅੰਮ੍ਰਿਤਸਰੀ ਗੇਟ ਫਿਰੋਜ਼ਪੁਰ ਸ਼ਹਿਰ

# ਪੁਲਿਸ ਅਫਸਰਾਂ ਨੇ ਮੁਸਲਿਮ ਭਾਈਚਾਰੇ ਨੂੰ ਦਿੱਤੀ ਈਦ ਦੀ ਵਧਾਈ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਅੱਜ ਈਦ ਦੇ ਮੌਕੇ ਡੀਐਸਪੀ ਸੁੱਖਪਾਲ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਇੰਸਪੈਕਟਰ ਰਾਜੀਵ ਕੁਮਾਰ ਨੇ ਪੁਲਿਸ ਮੁਲਾਜ਼ਮਾਂ ਨਾਲ ਕਰਤਾਰਪੁਰ ਦੀ ਮਸਜਿਦ ਵਿੱਚ ਜਾ ਕੇ ਮੁਸਲਿਮ ਭਾਈਚਾਰੇ ਨੂੰ ਮਿਠਾਈ ਖਿਲਾ ਕੇ ਈਦ ਦੀ ਵਧਾਈ ਦਿੱਤੀ।ਇਸ ਮੌਕੇ ਅਖਤਰ ਸਲਮਾਨੀ ਜਨਰਲ ਸੱਕਤਰ ਪੰਜਾਬ ਕਾਂਗਰਸ ਕਮੇਟੀ ਘੱਟ ਗਿਣਤੀ ਵਿਭਾਗ, ਮਸਜਿਦ ਪ੍ਰਾਪਤ ਆਲਮ ਮਲਿਕ, ਇਮਾਮ ਸ਼ਕੀਲ ਆਹਿਮਦ,ਇਮਾਮ ਮੁਨੰਵਰ,ਅਬਦੁਲ ਰਹਿਮਾਨ, ਅਬਦੁਲ ਸਮਦ,ਅਬਦੁਲ ਰਾਊਫ,ਰਸ਼ੀਦ ਅਹਿਮਦ, ਆਦਿ ਬਹੁਤ ਸਾਰੇ ਮੁਸਲਿਮ ਭਾਈਚਾਰੇ ਦੇ ਪਤਵੰਤੇ ਸੱਜਣ ਹਾਜਰ ਸਨ।ਇਸੇ ਤਰ੍ਹਾਂ ਕਰਤਾਰਪੁਰ ਦੀ ਮੁੱਖ ਮਸਜਿਦ ਵਿੱਚ ਮੁਸਲਿਮ ਭਾਈਚਾਰੇ ਵੱਲੋਂ ਨਮਾਜ਼ ਅਦਾ ਕਰ ਕੇ ਈਦ ਦਾ ਤਿਉਹਾਰ ਬੜੇ ਚਾਵਾਂ



ਨਾਲ ਮਨਾਇਆ ਗਿਆ ।ਇਸ ਮੌਕੇ ਤੇ ਇਕ ਦੂਜੇ ਦੇ ਗਲ ਲੱਗ ਕੇ ਈਦ ਦੀ ਮੁਬਾਰਕਬਾਦ ਦਿੱਤੀ ਗਈ ।

ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ,ਗੁਰਪ੍ਰੀਤ ਸਿੰਘ ਚੀਦਾ ਅਤੇ ਨੌਜਵਾਨ ਭਾਰਤ ਸਭਾ ਦੇ ਵੀਰ ਕੁਮਾਰ ਨੇ ਮਸਜਿਦ ਚ ਜੁੜੇ ਭਾਈਚਾਰੇ ਨੂੰ ਮੁਬਾਰਕਬਾਦ ਦਿੱਤੀ ।ਇਸ ਮੌਕੇ ਮੁਸਲਿਮ ਆਗੂ ਮੁਹੰਮਦ ਅਯੂਬ,ਸੁਲਤਾਨ ਅੰਸਾਰੀ,ਕਲੀਮ ,ਅਬਦੁਲ ਸਮੀ,ਜੀਸ਼ਾਨ ਆਦਿ ਮੁਸਲਿਮ ਭਾਈਚਾਰਾ ਮੌਜੂਦ ਸਨ । ਇਸ ਤੋ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਪ੍ਰਿੰਸ ਅਰੋੜਾ, ਮਾਰਕੀਟ ਕਮੇਟੀ ਜਲੰਧਰ ਦੇ ਚੇਅਰਮੈਨ ਰਾਜ ਕੁਮਾਰ ਅਰੋੜਾ, ਸਿਟੀ ਕਾਂਗਰਸ ਪ੍ਰਧਾਨ ਵੇਦ ਪ੍ਰਕਾਸ਼ ਆਦਿ ਨੇ ਵੀ ਮੁਸਲਿਮ ਭਾਈਚਾਰੇ ਨੂੰ ਮੂੰਹ ਮਿੱਠਾ ਕਰਾਕੇ ਵਧਾਈ ਦਿੱਤੀ ਗਈ।